ਰਪੋਟ

ਸੋਧਕ ਕਮੇਟੀ

ਦਸਮ ਪਾਤਸ਼ਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਸੋਧਾਈ ਦੀ

ਜੋ

ਖਾਲਸਾ ਦੀਵਾਨ ਅੰਮ੍ਰਿਤਸਰ ਜੀ ਦੀ ਆਗਯਾ ਅਨੁਸਾਰ

ਭਾਈ ਮੰਨਾ ਸਿੰਘ ਜੀ ਹਕੀਮ ਸਿਕਤਰ

ਗੁਰਮਤ ਗ੍ਰੰਥ ਪ੍ਰਚਾਰਕ ਸਭਾ ਸ੍ਰੀ ਅੰਮ੍ਰਿਤਸਰ ਜੀ ਵਲੋਂ

ਪ੍ਰਕਾਸ਼ਤ ਹੋਈ

੧ ਕਤਕ ਸੰਮਤ ੧੯੫੪

ਨਾਨਕਸਾਹੀ ੪੨੯

ਦੀ ਨੀਊ ਐਂਗਲੋ ਗੁਰਮੁਖੀ ਪ੍ਰੈਸ ਸ੍ਰੀ ਅੰਮ੍ਰਿਤਸਰ ਜੀ ਮੇਂ

ਬਾਬੂ ਵਜ਼ੀਰਚੰਦ ਪ੍ਰਿੰਟਰ ਕੇ ਇਹਤਮਾਮ ਸੇ ਛਪੀ

੧ ੴ ਸਤਿ ਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲਮੂਰਤਿ ਅਜੂਨੀ ਸੈ ਭੰ ਗੁਰ ਪ੍ਰਸਾਦਿ ॥

ਪਹਿਲਾ ਅਧਿੱਯਾਇ

[੧] ਸ੍ਰੀ ਸਤਿਗੁਰ ਗੁਰੂ ਨਾਨਕ ਸਾਹਿਬ

ਸ੍ਰੀ ਗੁਰੂ ਕਲਗੀ ਧਰ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੇ ਸਰਬੱਤ ਸਿੱਖ ਸੰਗਤ ਖਾਲਸਾ ਜੀ ਨੂੰ ਪਰਗਟ ਹੈ ਸੋ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਆਸ਼ੇ ਅਨੁਸਾਰ ਦਸਮ ਪਾਤਸ਼ਾਹ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਰੰਪਰਾ ਰੀਤੀ ਅਨੁਸਾਰ ਪੰਜ ਪੈਸੇ ਨਲਿਏਰ ਤਿਲਕ ਦੇਕੇ ਗੁਰਿਆਈ ਦੇ ਸਿੰਘਾਸਨ ਪੁਰ ਬਿਰਾਜਮਾਨ ਕੀਤਾ ॥

(੨) ਅਰ ਅਕਾਲਪੁਰਖ ਦਾ ਜਾਪ ਅਰ ਅਕਾਲ ਉਸਤਤਿ ਬਾਣੀ ਖਾਲਸਾ ਜੀਦੇ ਜਾਪ ਕਰਨ ਨੂ ਰਚੇ ॥

(੩) ਅਰ ਆਪਣੇ ਆਉਣੇ ਦਾ ਕਾਰਨ [ਅਰਥਾਤ ਜਿਸਜਿਸ ਪ੍ਰਕਾਰ ਦੇ ਵਡਾ ਦਈਤ ਰਿਖੀ ਮੁਨੀ ਅਵਿਤਾਰ ਸੰਤ ਆਰਾਧਯਾਂ ਅਰ ਪੈਗੰਬਰਾਂ ਪੀਰਾਂ ਨੂ ਕਰਤਾਰ ਨੇ ਸੰਸਾਰ ਦੇ ਉਧਾਰ ਨਮਿਤ ਭੇਜਿਆ ਅਰ ਉਨਾਂ ਨੇ ਆਪੋ ਆਪਣੇ ਪੰਥਾਂ ਦਾ ਪ੍ਰਚਾਰ ਕਰਕੇ ਕਰਤਾਰ ਨੂੰ ਵਿਸਾਰ ਦਿੱਤਾ, ਤਾਂ ਅਕਾਲ ਪੁਰਖ ਦੀ ਆਗਯਾ ਪਾਕੇ ਸਤਿਗੁਰੂ ਆਏ, ਅਰ ਇਨਾਂ ਕੇਵਲ ਇਕ ਅਕਾਲ ਦੇ ਨਾਮ ਜਪਾਉਣ ਦਾ ਬੀੜਾ ਉਠਾਇਆ] ਅਰ ਸੱਚੇ ਉਪਦੇਸ ਅਰ ਆਪਣਾ ਬੰਸ ਅਰ ਧਰਮ ਦੀ ਰਖਯਾ ਅਰ ਉਪਕਾਰ ਨਮਿਤ ਜੋ ਜੁੱਧਕੀਤੇ, ਅਰ ਦੁਸਟਾਂ ਦੇ ਖੀਆਂ ਤੇ ਕਿਸਤਰਾਂ ਸਰਬ ਸਕਤਿਮਾਨ ਆਪਣੇ ਦਾਸਾਂ ਦੀ ਰਖਯਾ ਕਰਦਾ ਹੈ ਅਰ ਗੁਰਦੋਖੀ ਅਰ ਗੁਰ ਬੇਮੁਖਾਂ ਦਾ ਕਿਸਤਰਾਂ ਨਾਸ ਹੁੰਦਾ ਹੈ ਇਹ ਸਭਕੁਛ ਬਚਿਤ੍ਰ ਨਾਟਕ ਵਿਚ ਦੱਸਿਆ ਹੈ ॥

(੪) ਅਕਾਲ ਪੁਰਖ ਦੀ ਮਹਾਂ ਸਕਤਿ ਦੁਰਗਾ ਮਹਾਂ ਲੱਖਮੀ ਮਹਾਂ ਕਾਲ਼ੀ ਦੇ ਚਰਿਤ੍ਰ (ਅਦਭੁਤ ਕਥਾ ਅਪਾਰ ਸਮਝ ਕਰ ਚਿਤ ਮੈ) ਉਸਤਤਿਜੈਕਾਰ ਸਬਦ ਬੀਰਰਸ ਦੀ ਬ੍ਰਿਧੀ ਵਾਸਤੇ ਰੁਦ੍ਰ ਰਸ ਸਮੇਤ ਤਿਨਾ ਗ੍ਰੰਥਾਂ ਮੈ ਬਰਨਨ ਕੀਤੇ ॥

ਪਮਾ ਅਰ ਦਾਨ ਧਰਮ ਮੇਂ ਸਰਧਾ ਵਧੇ, ਸੋ ਭਾਰਥ ਦਾ ਭਾਵ ਗਯਾਨ ਪ੍ਰਬੋਧ ਗ੍ਰੰਥ ਰਚਿਆ ॥

(੬) ਸਿੱਖਾਂ ਨੂੰ ਅਵਤਾਰਾਂ ਦੀ ਲੀਲਾ ਅਰੁ ਪੌਰਾਣਕ ਕਥਾ ਦੇ ਸੁਣਨ ਦੀ ਇੱਛਾ ਤੇ ਅੰਨਮਤੀਆਂ ਦੇ ਅਧੀਨ ਹੋਣਾ ਪੈਂਦਾ ਸੀ, ਅਰ ਇਹ ਕਥਾ ਸਿਖ ਇਸ ਲਈ ਸੁਣਦੇ ਸੇ, ਜੋ ਆਦ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਭਾਵ ਸਮਝਣ ਨੂੰ ਇਨਾ ਦਾ ਪੜਨਾ ਅਤਿ ਅਵਸਯ ਹੈ, ਯਥਾ (ਜਨਕਿ ਜੇ ਗੁਰ ਸਬਦਨ ਜਾਨਿਆ) (ਲੰਕਾ ਸਾ ਕੋਟ ਸਮੁੰਦ ਸੀ ਖਾਈ। ਤਿਹ ਰਾਵਨ ਘਰ ਖਬਰ ਨ ਪਾਈ) (ਗੋਤਮ ਤਪਾ ਅਹਿਲਿਆ ਇਸਤ੍ਰੀ ਤਿਸ ਦੇਖ ਇੰਦ੍ਰ ਲੋਭਾਇਆ ॥ ਸਹਸਸਰੀਰ ਚਿਹਨ ਭਗ ਹੋਏ ਤਾ ਮਨ ਪਛੋ ਤਾਇਆ) ਪੁਨਃ ਧੰਨ ਧੰਨਿਓ ਰਾਮ ਬੇਨ ਬਾਜੈ ਮਧੁਰ ਮਧੁਰ ਧੁਨ ਅਨਹਤ ਗਾਜੈ ॥ ੧ ਰਹਾਉ ॥ ਧੰਨ ਧੰਨ ਮੇਘਾ ਰੋਮਾਵਲੀ। ਧੰਨ ਧੰਨ ਕ੍ਰਿਸਨ ਓਢੈ ਕਾਂਬਲੀ ॥ ੧ ॥ ਧੰਨ ਧੰਨ ਤੂੰ ਮਾਤਾ ਦੇਵਕੀ॥ ਜਿਹ ਗ੍ਰਿਹ ਰਮਈਆ ਕਵਲਾ ਪਤੀ॥ ੨ ॥ ਧੰਨ ਧੰਨ ਬਨ ਖੰਡ ਬਿੰਦ੍ਰਾ ਬਨਾ ਜਿਹ ਖੇਲੈ ਸ੍ਰੀ ਨਾਰਾਇਨਾ ॥ ੩ ॥ ਬੇਨ ਬਜਾਵੈ ਗੋਧਨ ਚਰੈ। ਨਾਮੇਕਾ ਸੁਆਮੀ ਆਨੰਦ ਕਰੈ ॥ ੪ ॥ ੧ ॥) ਪੁਨਃ ਜੁਗ ਮਹਿ ਜੋਰ ਛਲੀ ਚੰਦ੍ਰਾਵਲਕਨ ਕ੍ਰਿਸਨ ਜਾਦਮ ਭਇਆ ॥ ਪਾਰਜਾਤ ਗੋਪੀ ਲੈ ਆਇਆ ਬਿੰਦਰਾ ਬਨ ਮਹਿ ਰੰਗ ਕੀਆ) ਪੁਨਃ (ਹਰਨਾਖਸ ਦੁਸਟ ਹਰਿ ਮਾਰਿਆ ਪ੍ਰਹਿਲਾਦ ਤਰਾਇਆ) ਪੁਨਃ (ਕੁਵਲੀਆ ਪੀੜ ਆਪ ਮਰਾਇਦਾ ਪਿਆਰਾ ਚੰਡੂਰ ਕੰਸ ਕੇਸ ਮਰਾਹਾ) ਪੁਨਾ (ਜਾਕਉ ਸਿਮਰਿ ਅਜਾ ਮਲ ਉਧਰਿਓ ਗਨ ਕਾਹੂ ਗਤ ਪਾਈ) ਪੁਨਾ (ਪਾਂਚ ਬਰਖ ਕੋ ਅਨਾਥ ਧ੍ਰ ਬਾਰਿਕ ਹਰਿ ਸਿਮਰਤ ਅਮਰ ਅਟਾਰੇ) ਪੁਨਾ (ਨਉ ਨਿਧ ਠਾਕਰ ਦਈ ਸੁਦਾਮੇ) ਪੁਨਾ (ਗਾਵਹਿ ਕਪਲਾਦਿ ਆਦਿ ਜੋਗੇਸਰ) ਪੁਨਾ (ਦਸ ਅਵਤਾਰੀ ਰਾਮ ਰਾਜਾ ਆਇਆ) ਇਤਯਾਦਿ ਕਿਥੋਂ ਤਕ ਲਿਖੀਏ। ਕਿਉ ਕਿ ਸ੍ਰੀ ਗੁਰੂ ਗ੍ਰੰਥ ਸਹਿਬ ਜੀਦੇ ਗਯਾਨੀ ਵਕਤਾ ਨੂੰ ੪ ਵੇਦ ੬ ਸਾਸਤ੍ਰ ੨੭ ਸਿੰਮਰਤੀਆਂ ੧੮ ਪੁਰਾਣ ਵਯਾਕਰਣ ਕੋਸ਼ ਕਾਵਯ ਅਹ ਮਹਾ-ਭਾਰਥ ਆਦਿ ਇਤਿਹਾਸ ਅਰ ਤੌਰੇਤ ਜਬੂਰ ਸ਼ਹਈਅਤ ਇੰਜੀਲ ਕੁਰਾਨ ਹਦੀਸ ਅਰ ਜੈਨਧਰਮ ਆਦਿ ਸਭ ਵਿੱਦਿਆ ਕੰਠਾਗਰ ਹੋਣੀਆਂ ਲੋੜੀਦੀਆਂ ਹਨ, ਅਰ ਇਨਾਂ ਦੇ ਵਾਸਤੇ ਅਨਮਤੀਆਂ ਦੇ ਫੰਧੇ ਵਿਚਾ

ਮਿਖ ਜਾ ਫਸਦ ਸੇ ॥ ਅਰ ਜਿਸਭਾਵ ਦੇ ਸਮਝਾਉਣ ਵਾਸਤੇ ਗੁਰੂਸਾਹਿਬ ਇਹ ਦ੍ਰਿਸਟਾਂਤ ਪ੍ਰਮਾਨ ਦਿਖਾਏ, ਓਹ ਦੂਹ ਪ੍ਰਾਪਯ ਹੀ ਰਹਿ ਜਾਂਦਾ ਸੀ ॥ਇਸਕਾਰਨ ਚੌਬੀਸ ਅਵਤਾਰ ਵਿਸ਼ਨੂ ਭਗਵਾਨ ਦੇ ਉਚਰੇ ॥

(੭) ਬ੍ਰਹਮਾ ਜੀ ਦੇ ਸੱਤ ਅਵਤਾਰ ਲਿਖੇ॥

(੮) ਰੁਦ੍ਰ ਮਹਾਦੇਵ ਦੇ ਦੋ ਅਵਤਾਰ ਜਿਸਵਿਚ ਪਾਰਸਨਾਥ ਅਰ ਦੱਤ ਮਹਾਤਮ ਦੱਤਾਤ੍ਰੇਯ ਜੀਦੇ ਚੌਬੀਸ ਗੁਰੂ ਬਰਨਨ ਕੀਤੇ ॥

(੯) ਆਪਣਾ ਆਸ੍ਰਯ ਅਰ ਉਪਦੇਸ਼ ਸਬਦ ਅਰ ੩੩ ਸਵੈਯੇਲਿਖਕੇ ਪ੍ਰਗਟ ਕੀਤੇ॥

(੧੦) ਸਸਤ੍ਰ ਨਾਮ ਮਾਲਾ ਮੇ ਸਸਤ੍ਰਾਂ ਦੇ ਨਾਮ ਅਰ ਚਿਤ੍ਰ ਅਲੰਕਾਰ ਕਾਵਯ ਦੀ ਰਚਨਾ ਅਜਿਹੀ ਦ੍ਰਿਸਟ ਕੂਟਾਂ ਦੀ ਰੀਤੀ ਅਨੁਸਾਰ ਲਿਖੀ ਹੈ,ਜਿਸਦੇ ਪਾਠ ਅਰ ਅਰਥ ਸਮਝਨੇ ਮੈਂ ਬੁੱਧੀ ਦੀ ਤੀਖਯਣਤਾ ਅਰ ਚਤੁਰਾਈ ਵਧੇ ॥

(੧੧) ਚਰਿਤ੍ਰ ਪਖਯਾਨ ਵਿਖੇ ਦੇਵੀ ਦੇ ਚਰਿਤ੍ਰ ਤੇ ਵੱਖਰੇ ੪੦੪ ਚਰਿਤਰ ਲਿਖੇ ਹਨ ॥ ਜੋ ਰਾਜ ਨੀਤੀ ਅਰ ਬਿਵਹਾਰਕ ਬਿੱਦਿਆ ਦਾ ਭੰਡਾਰਹਨ, ਜਿਸ ਕਰਕੇ ਅਸੀ ਸੰਸਾਰ ਵਿਚ ਆਪਣੀ ਅਵਸਥਾ ਸੁਖ ਪੂਰਬਕ ਬਿਤੀਤ ਕਰਿ ਸਕਦੇ ਹਾਂ, ਅਰ ਇਨਾਂ ਹੀ ਚਰਿਤ੍ਰਾਂ ਵਿਚ ਅਜੇਹੀਆਂ ਸਿਖਯਾ ਹਨ, ਕਿ ਜਿਨਾ ਨਾਲ ਅਸੀ ਸਤਿਧਰਮ ਵਿਚ ਦ੍ਰਿੜ ਰਹਿਣਾ ਅਰ ਇਕ ਅਕਾਲ ਪੁਰਖ ਦੀ ਉਪਾਸਨਾ, ਅਰ ਕਾਮ ਕ੍ਰੋਧਾਦਕਾਂ ਤੋਂਅਰ ਜੂਆ ਆਦ ਵਯਸ਼ਨਾ ਤੇ ਬਚਣਾ ਅਰ ਗ੍ਰਹਸਥ ਧਰਮ ਵਿਚ ਨਿਪੁਣਤਾ, ਅਰ ਆਪਣੇ ਤਨ ਧਨ ਧਰਮ ਦੀ ਰਖਯਾ ਆਦਿ ਸਿੱਖਸਕਦੇ ਹਾਂ॥

(੧੨) ਜਫਰਨਾਮਾ ਅਰਥਾਤ ੧੨ ਹਿਕਾਇਤਾਂ ਵਾਲਾ ਖਤ, ਜੋ ਔਰੰਗ ਜੇਬ ਪਾਦਸਾਹ ਦਿਹਲੀ ਨੂ ਭੇਜਿਆ ਸੀ ਸੋ ਅੰਤ ਵਿਚ ਲਿਖਿਆ ਹੈ ਇਸਥੋਂ ਗੁਰੂ ਸਾਹਿਬ ਨੇ ਔਰੰਗਜੇਬ ਪਾਤਸਾਹ ਨੂ ਉਸੇਦੀ ਫਾਰਸੀ ਭਾਸ਼ਾ ਵਿਚ ਧਰਮੋਪਦੇਸ਼ ਅਰ ਕਈ ਪਾਤਸਾਹ ਜੋ ਉਸੇ ਦੇ ਮਤ ਵਿਚਮਾਨਨੀਯ ਹੋ ਚੁਕੇ ਸੈ ਤਿਨਾਂ ਦੇ ਦ੍ਰਿਸਟਾਂਤ ਦੇਕੇ ਅਹੰਕਾਰ ਦਾ ਤਯਾਗ ਅਰ ਵੈਰਾਗ ਭਗਤੀ ਆਦ ਗੁਣਾ ਦਾ ਗ੍ਰਹਨ ਸਮਝਾਯਾ, ਅਰ ਬੀਰਤਾ ਅਰ ਬੁੱਧੀ ਆਦਿ ਗੁਣ ਪ੍ਰਤੀਤ ਹੁੰਦੇ ਹਨ ॥

(੧੩) ਅਸਫੋਟਕ ਸਵੈਯੇ ਅਰ ਤਿੰਨ ਸਵੈਯੇ ਦੋਹਰੇ ਸਣੇ ਲਿਖਕੇ ਅਰਜ

ਨ ਹਨੂਮਾਨ ਆਦਕਾ ਦੀ ਸਸਤ੍ਰ ਵਿਦਿਆ ਅਰ ਕ੍ਰਿਤਗਯਤਾ ਪਥਾਰਾਧਾਜੀ ਦੇ ਪ੍ਰੇਮ ਪਰ ਸ੍ਰੀ ਕ੍ਰਿਸਨ ਜੀਕੀ ਪਰੀਤੀ ਅਰ ਭਾਵ ਗਹਾਹਕਤਾ ਅਰ ਭਗਤਾਂ ਦਾ ਪਰੇਮ ਪ੍ਰਗਟ ਕੀਤਾ ਹੈ, ਅਰ ਰੂਪ ਗੁਨ ਜੋਬਨ ਬਲ ਵਿਦਿਆ ਜਾਤਿ ਪਾਤ ਆਦਿ ਹੀਨ ਸਿੱਖਾਂ ਨੂ ਆਪਣੀ ਅਤਿ ਕ੍ਰਿਪਾ ਦ੍ਰਿਸਟੀਨੇ ਉਹ ਵਡਿਆਈ ਬਖਸੀ, ਜਿਸਦਾ ਬਰਨਨ ਅਸੀ ਸ੍ਰੀਗੁਰੂ ਕ੍ਰਿਪਾ ਕਟਾਖਸ ਗ੍ਰੰਥ ਵਿਚ ਕਰ ਚੁਕੇਹਾਂ

(੧੪) ਇਨਾਂ ਬਾਣੀਆ ਦੇ ਸਮੁਦਾਯ ਦਾ ਨਾਮ ਦਸਮ ਗੁਰੂ ਕ੍ਰਿਤ ਗ੍ਰੰਥ ਜਾ ਦਸਮ ਪਾਤਸਾਹੀ ਗਰੰਥ ਸਾਹਿਬ ਜੀ ਪ੍ਰਸਿੱਧ ਹੈ। ਇਹ ਸਭ ਬਾਣੀ ਸ੍ਰੀਮੁਖ ਵਾਕ ਹੈ, ਜਿਸਤੇ ਸਤਿਗੁਰੂ ਦੀ ਸਸਤ੍ਰ ਸਾਸਤ੍ਰ ਕੋਸ਼ ਕਾਵਯ ਕਵਿਤਾ ਸਾਹਿਤ ਸੰਗੀਤ ਆਦਿ ਵਿਦਯਾ ਪੰਡਤਾਈ ਇਲਮੀਯਤ ਜਿਸਦਾ ਨਾਮ ਸਰਬੱਗਯਤਾ ਬਕਤ ਕਹਿੰਦੇ ਹਨ, ਪ੍ਰਗਟਦਿਖਾਈ ਦਿੰਦੀ ਹੈ॥

ਦੂਜਾ ਅਧਯਾਇ ... ਗ੍ਰੰਥ ਦੀ ਰਚਨਾ।

(੧) ਸ੍ਰੀ ਜਾਪੁਜੀ ਅਰ ਅਕਾਲ ਉਸਤਤਿ ਦਾ ਉਚਾਰ ਅਕਾਲਪੁਰਖ ਦੀ ਪ੍ਰਸੰਨਤਾ ਅਰ ਸਿੱਖਾਂ ਦੇ ਉਧਾਰ ਭਗਤਿ ਗਯਾਨ ਦੇ ਪ੍ਰਚਾਰ ਹਿਤ ਅਨੰਦ ਪੁਰ ਜੀ ਮੈ ਕੀਤਾ॥

(੨) ਬਚਿਤ੍ਰ ਨਾਟਕ ਚੰਡੀ ਚਰਿਤ੍ਰ ਵੱਡਾ ਛੋਟਾ ਵਾਰ ਗਯਾਨ ਪ੍ਰਬੋਧ ਆਦ ਸਭ ਬਾਣੀਆ ਦਾ ਉਚਾਰ ਅਨੰਦਪੁਰ ਮੈ ਹੋਯਾ

(੩) ਰਾਮਾਵਤਾਰ ਸੰਮਤ ੧੭੫੫ ਹਾੜਵਦੀ ਏਕਮ ਨੂੰ ਸਤਦ੍ਰਵ (ਸਤਲੁਜ) ਨਦੀ ਦੇ ਕੰਢੇ ਪੂਰ ... ਕੀਤਾ ਪਰ ਕ੍ਰਿਸਨਾਵਤਾਰ ਇਸ ਤੋਂ ੧੦ ਬਰਸ ਪਹਿਲੇ ਅਰਥਾਤ ਸੰਮਤ ੧੭੪੫ ਮੈ ਜਮਨਾ ਜੀਦੇ ਕੰਢੇ ਅਨੰਦਪੁਰ ਸਤਦ੍ਰਵ ਦੇ ਕੰਢੇ ਇਤਯਾਦਿ ਸਥਾਨਾਂਮੈ ਹੋਯਾ॥

(੪) ਬਿਰਹ ਨਾਟਕ, ਰਾਧਕਾ ਜੀ ਦੀ ਮਾਨ ਲੀਲਾ ਅਰ ਖੜਗਸਿੰਘ ਦੇਜੋ ਧੋ ਖੜਗ ਸਿੰਘ ਸਕਤਸਿੰਘ ਆਦਕਾਂ ਦੇ ਜੁਧੱ ਪ੍ਰਬੰਧ ਕੇਵਲ ਕਲਗੀ ਧਰ ਜੀ ਦੀ ਰਚਨਾ ਹੈ ਹੋਰ ਸਭ ... ਪ੍ਰਸੰਗ ਦਾ ਉਲਥਾ ਹੈ ਇਸ ਵਿਚ ... ਕਈ ਇਕ ਸਥਾਨਾ ਮੈ ਗੁਰੂ ਜੀ ਨੇ ਆਪਣੀ ਸੰਮਤੀ ਮਿਲਾਈ ਹੈ॥

(੫) ਚਰਿਤ੍ਰ ਪਖਯਾਨ ਮੈ ਮਹਾਕਾਲ ਨੇ ਸ੍ਵਾਸ ਬੀਰਜ ਦਾਨਵ ਸਨੂੰ ਮਾਰਨਾ ਅਰ ਇਸ ਕਵਿਤਾ ਦੇ ਅੰਤ ਮੈ ਕਵਿਯੋ ਵਾਚ ਬੇਨਤੀ ਚੌਪਈ, ਜੋ ਸਰਬ ਕਾਮਨਾ ਪ੍ਰਦਾਇਕ, ਅਰ ਸੰਕਟ ਮੈ ਸਹਾਇਕ, ਪਾਠਕ ਗਣਾ ਨੂ ਸੁਖਦਾਇਕ

ਦੁਸਟ ਗਣ ਘਾਇਕ ਅਰ ਬੇਨਤੀ ਦੇ ਲਾਇਕ ਬਾਣੀ ਹੈ, ਸਤਦ੍ਰਵ ਦੇ ਕੰਢੇ ਜਿੱਥੇ ਹੁਣ ਬਾਭੌਰ ਨਾਮੇ ਗੁਰਦਵਾਰਾ ਹੈ ਜਿਸਦਾ ਨਾਮ ਬਰਹਮਾ ਜੀਦੇ ਤਪਕਰਨੇ ਦੇ ਸਥਾਨਤੇ ਬ੍ਰਹਮਾਵਤੀ ਅਰ ਪੰਜਾਂ ਪਾਂਡਵਾਂ ਦੇ ਪ੍ਰਗਟ ਹੋਣੇਦੇ ਸਥਾਨ ਤੇ ਪੰਜ ਗਾਟੜਾ ਪ੍ਰਸਿੱਧ ਹੈ ਗੁਰੂ ਸਾਹਿਬਨੈ ਉਚਰੀ॥

(੬) ਜਫਰਨਾਮਾ (ਜੰਗਨਾਮਾ) ਬਾਰਾਂ ਹਿਕਾਯਤਾਂ ਦਾ ਦੀਨੇ ਕੇ ਨਾਮੇ ਗ੍ਰਾਮ ਮੇ ਉਚਾਰ ਹੋਯਾ: ਜਫਰ ਨਾਮੇ ਤੇ ਸਿਵਾ ਹੋਰ ਬਹੁਤ ਬਾਣੀ ਗੁਰੂ ਸਾਹਿਬ ਨੇ ਬਾਈ ਬਰਸ ਦੀ ਉਮਰ ਦੇ ਅੰਦਰ ਯਥਾ (ਸਤ੍ਰਹ ਸੈ ਪੰਤਾਲੀ ਮੈ) ਅਰ ਕੁਛ ਬੱਛੀ ਬਰਸਾਂਦੇ ਅੰਦਰ ਹੀ ਰਚੀ (ਸੰਮਤ ਸੱਤਰਹ ਸਹਸ ਪਚਾਵਨ) ਇਸੇ ਅਵਸਥਾ ਦੇ ਅੰਦਰ ਭੰਗਾਣੀ ਆਦ ਥਾਵਾਂ ਦੇ ਬੜੇ ਭਾਰੇ ਭਾਰੇ ਸੰਗਰਾਮ ਕੀਤੇ ਅਰ ਤੇਤੀ ਚੌਤੀਵੇਂ ਬਰਸ ਵਿਚ ਦੁਰਗਾ ਅਰਥਾਤ ਮਹਾਂ ਮਾਯਾ ਮਹਾਂ ਸ਼ਕਤੀ ਪ੍ਰਗਟ ਕੀਤੀ, ਅਰ ਖਾਲਸਾ ਪੰਥ ਸਾਜਿਆ ॥

(੭) ਪੁਨਃ ਬਾਈ ਧਾਰ ਪਹਾੜੀ ਰਾਜਿਆਂ, ਅਰਆਲਮਗੀਰ ਔਰੰਗਜੇਬ ਪਾਤਸਾਹ ਨਾਲ ਅਨੰਦਪੁਰ ਵਿਖੇ ਭਾਰੀ ਜੁੱਧ ਹੋਯਾ ਤਿੰਨ ਵਰਹੇ ਅਨੰਦ ਪੁਰ ਨੂੰ ਘੇਰਾ ਪਿਆ ਰਿਹਾ

(੮) ਉਪਰੰਤ ਚਮਕੌਰ ਦਾ ਜੁੱਧ ਕਰਕੇ ਮਾਛੀਵਾੜੇ ਥੋ ਹੋਕੇ ਮਾਲਵੇ ਦੇਸ ਦੀ ਧਰਤੀ ਅਰ ਇਸਦੇਨਿਵਾਸੀਆਂ ਨੂੰ ਵਰਦਿੰਦੇ ਹੋਏਮਾਲਵੇਂ ਦ੍ਰਬਹਾਦਰਅਰਬੇਰ। ਜ਼ ਬੰਸ ਸਿਰਮੌਰ ਆਦਿ ਪਦਵੀਆਂ ਬਖਸਦੇ ਹੋਏ ਸਤਿਗੁਰੂ ਦੱਖਣ ਦੇਸ ਨਦੇੜ [ਨਿੰਦਰ] ਸਹਿਰ ਜਿਸਦਾ ਨਾਮ ਸਾਸਤ੍ਰਾਂ ਮੇ ਲਿਖਦੇ ਹਨ ਖੰਦਹ ਬੇਰਾਗੀ ਨੂੰ ਸਿੱਖੀਦਾਨ ਬਖਸ ਕੇ ਇੱਥੇ ਲਗ ਭਗ ਚਾਰ ਵਰਸ ਰਹਿਕੇ ਫੇਰ ਸੱਚਖੰਡ ਮੈ ਬਿਰਾਜੇ ਇਸ ਥਾਂ ਦਾ ਨਾਮ ਹੁਣ ਹਜੂਰ ਸਾਹਿਬ ਵ ਅਬਚਲ ਨਗਰ ਗੁਰਦੁਵਾਰਾ ਹੈ ॥

(੯) ਦੇਵੀ ਜੀ ਦਾ ਛੱਕਾ [ਨਮੋ ਉਗ੍ਰਦੰਡੀ ਅਨੰਤੀ ਸਿਵੈਯਾ] ਜਿਸਦੇ ਵਿਚ ਪ੍ਰਾਚੀਨ ਸਮੇ ਤੇ ਸਿੰਘ ਖਾਲਸਾ ਜੀ ਦਾ ਸੰਦੇਹ ਹੈ ਕਿ ਏਹ ਸ੍ਰੀ ਮੁਖਵਾਕ ਨਹੀ, ਕਿਉਂ ਕਿ ਭਾਵੇ ਇਹ ਪਰਚਲਤ ਹੋ ਗਿਆ ਹੈ, ਤਥਾਪਿ ਜੈਸੀ ਦੀਨਤਾ ਇਸ ਵਿਖੇ ਕੀਤੀ ਹੈ , ਹੋਰ ਕਿਸੇ ਬਾਨੀ ਵਿਚ ਨਹੀ ਹੈ ॥ ਯਥਾ ਮਹਾਂ ਮੂੜ ਹਉ ਦਾਸ ਦਾਸਨ ਤਿਹਾਰੇ ਸੁਨਹੁ ਤੁਮ ਭਵਾਨੀ ਹਮਨਕੀਪੁਕਾਰੇ ॥ ਕਰਹੁ ਦਾਸਪਰ ਮਿਹਰ ਅਪਰੰ ਅਪਾਰੇ)ਆਦਿ

[੧੦]ਸੁਖਮਨਾਅਰਮਾਲਕੋਸਦੀਵਾਰਇਹਕੇਵਲਇਕਬਾਬਾ ਅਟਲਸਾਹਿਬ ਜੀ ਦੇਗਰੰਥ ਸਾਹਿਬਜੀਮੇ ਹੀ ਲਿਖਿਆ ਹੈ ਹੋਰ ਇਨਾਂ ਬੱਤੀਆਂ ਗ੍ਰੰਥ ਸਾਹਿਬਾਂ ਵਿਚ ਅਰ ਸਹਿਰ ਅੰਮ੍ਰਿਤਸਰ ਜੀ ਦੇ ਕਿਸੇ ਗ੍ਰੰਥ ਸਾਹਿਬ ਮੇ ਨਹੀਂ ਲਿਖਿਆ ਹੋਯਾ॥

[੧੧]ਅਰਜੋ ਅਨਜਾਣ ਲੋਕ ਕਹਿੰਦੇ ਹਨ ਕਿ ਗੁਰੂਸਾਹਿਬ ਦੇਪਾਸ ਪਰ ਕਵੀ ਰਹਿੰਦੇ ਸੇ, ਉਨਾਂ ਦੀਆਂ ਰਚੀਆਂ ਹੋਇਯਾਂ ਬਾਣੀਆਂ ਹਨ ਅਰ ਇਸ ਦੀ ਬੀੜ ਬੀ ਸਾਹਿਬਾਂ ਦੇ ਸੱਚਖੰਡ ਜਾਣਦੇ ਪਿੱਛੋ ਖਾਲਸਾ ਜੀਨੈ ਰਚੀ ਹੈ ਇਸੇ ਵਾਸਤੇ ਕਈ ਭੇਦ ਹਨ, ਇਸਦਾ ਉਤਰ ਇਸ ਲੇਖਕ ਨੈ ਆਪਣੇ ਪਿਤਾ ਪਿਤਾਮਾਆ ਦਿ ਬਜ਼ਿਆਂ ਤੇ ਕਿ ਜੋ ਪੰਜ ਪੀੜੀਆਂ ਤੇ ਪਰਸਿੱਧ ਗਯਾਨੀ ਹੁੰਦੇ ਚਲੇ ਆਏ ਹਨ ਇਹ ਸੁਣਿਆ ਹੈ ਕਿ ਜੇਹੜੀ ਬਾਣੀ ਕਵੀਆਂ ਨੇ ਰਚੀ ਉ ਨਾਂ ਵਖੋ ਵਖਰੇ ਨਾਮ ਲਿਖੇ ਹਨ ਦਟਾਕੇ ਕੇ ਅੰਤਿ ਮੇ ਸੈਨਾਂਪਤੀ ਕਵੀਕਾ ਨਾਮ ਹੈਐਸੇਹੀਹਿਤਉਪਦੇਸ ਭਾਸਾ ਅਰ ਅਠਾਰਾਂ ਪਰਬਮਹਾਂਭਾਰਥਅਰਗੋਬਿੰਦਗੀਤਾ ਆਦਿ ਗ੍ਰੰਥਾਂ ਮੇ ਕਵੀਆਂ ਨੇ ਆਪੋ ਆਪਣੇ ਨਾਮ ਲਿਖੇ ਹਨ, ਅਰ ਸੂਰਜ ਪ੍ਰਕਾਸਾਦ ਗ੍ਰੰਥ ਮੇਂ ਪ੍ਰਸਿੱਧਹੈ ਕਿ ਤੋਲ ਵਿਚ ਨੌ ਮਣ ਗ੍ਰੰਥਸੇ, ਜੋ ਆਨੰਦਪੁਰੋ ਨਿਕਲਦੀ ਵੇਰ ਸਾਹਿਬਾਂ ਨੇ ਸਤਦ੍ਰਵ ਨਦੀ ਦੀ ਭੇਟ ਕੀਤੇ ਅਰ ਕਈ ਗ੍ਰੰਥ ਪਹਾੜੀ ਹਾਜਿਆਂ ਨੇਲਏ, ਜਿਹਾਕ ਇਕ ਗ੍ਰੰਥ ਹੁਣ ਤਕ ਸਿਰਮੌਰ ਦੇ ਰਾਜਾ ਪਾਸ ਮੰਡੀ ਦੇ ਰਾਜਾ ਪਾਸ ਬੀ ਸੁਣਿਆ ਜਾਂਦਾ ਹੈ ਏਹ ਸਭ ਕਵੀਆਂ ਦੀ ਕਵਿ ਤਾਦੇ ਸਨ, ॥

(੧੨) ਪਰੰਤੂ ਇਹ ਗ੍ਰੰਥ ਖਾਸ ਸ੍ਰੀ ਮੁਖਵਾਕ ਹੈ (ੳ) ਜਿਸਦੇ ਆਦਿ ਯਾ ਅੰਤ ਮੇ ਨਾ ਇਹ ਲਿਖਯਾ ਹੈ ਕਿ ਏਹ ਗੁਰੂ ਗੋਬਿੰਦ ਸਿੰਘ ਜੀ ਦੀ ਸਭਾ ਮੇ ਬਣਾਯਾ ਹੈ ਅਰ ਨਾ ਇਹ ਕਿ ਫਲਾਣੇ ਕਵੀ ਨੈ ਬਣਾਯਾ ਹੈ॥

(ਅ) ਨਿਰਾ ਕ੍ਰਿਸਨਾਵਤਾਰ ਦੇ ਵਿਚ ਸ੍ਯਾਮ ਕਵੀ ਅਰ ਕਿਸੇ ਕਿਸੇ ਕਵਿੱਤ ਵਿਚ ਰਾਮ ਕਵੀ ਯਥਾ ੧੧੧੬ ੧੧੧੯ ੧੧੪੭ ੧੧੫੯ ੧੧੭੭ ੧੧੮੦ ਅਰ ੧੨੨੨ ੧੨੩੬ ੧੨੯੯ ੧੩੦੦ ੧੪੧੨ ੧੪੧੬ ੧੪੩੦ ੧੪੪੯ ਅਰ ੧੪੫੫ ੧੪੯੧ ੧੫੩੦ ੧੫੬੦ ੧੫੬੨ ੧੫੯੩ ੧੭੦੭ ੧੭੫੧ ੧੭੭੬ ੧੯੫੩ ੧੯੭੨ ਆਦ ੨੫ ਕਵਿਤਾਂਮੇ ਕ੍ਰਿਸਨਾਵਤਾਰ ਵਿਖੇ ਅਰ ਚਰਿਤ੍ਰ ਪਖਯਾਨ ਦੇ ਕਿਸੇ ਕਿਸੇ ਚਰਿਤ੍ਰ ਵਿਚ ਰਾਮ ਕਵੀ ਲਗ ਭਗ ਦਸਾਂ ਪੰਦ੍ਰਾਂ ਛੰਦਾਂ ਮੇਂ ਹੋਵੇਗਾ, ਸੋ ਕਲਗੀਧਰ ਗੁਰੂ ਜੀ ਦਾ ਜਨਮ ਸਤਭਿਖਾ ਨਿਛਤ੍ਰਦੇ

ਦੂਜੇ ਚਰਨ ਵਿਚ ਹੋਯਾ, ਇਸ ਕਰਕੇ ਗੁਰੂਜੀ ਦਾ ਜਨਮ ਨਾਮ ਸ਼ਾਮ ਸੀ, ਅਰ ਹਨੂਮਾਨ ਨਾਟਕ ਅਜਿਹਾ ਪ੍ਰਿਯ ਸੀ ਜੋ ਗੁਰੂ ਜੀ ਗਾਤ੍ਰੇ ਵਿਚ ਰਖਦੇ ਸੇ, ਅਰ (ਜੋ ਕੁਛ ਲੇਖ ਲਿਖਯੋ ਬਿਧਨਾ, ਅਰ ਦੇਵਕੀਤਨੈ-ਯਾ ਕਹੋ) ਐਸੇ ਕਵਿਤ ਗੁਰੂ ਸਾਹਿਬ ਨੇ ਨਾਟਕ ਦੀ ਚਾਲ ਪਰ ਹੀ ਰਚੇ ਹੋਏ ਹਨ, ਤੇ ਇਸੇ ਚਾਲ ਤੇ ਹੀ ਥੋੜੇ ਸੇ ਛੰਦਾ ਮੇਂ ਰਾਮ ਕਵੀ ਲਿਖਿਆ ਹੈ, ਅਰ ਪ੍ਰਾਚੀਨ ਸਵਾਰੇਸਾਹਿਬਾ ਮੇ ਸ੍ਯਾਮ ਹੀ ਹੈ, ਰਾਮ ਹੈ ਹੀ ਨਹੀਂ ॥

(੧੪) (ਝ) ਗੁਰੂ ਸਾਹਿਬ ਦੇ ਪਾਸ ਕਵੀ ਹੰਸਰਾਮ, ਸੈਨਾਪਤ ਕਾਸੀਰਾਮ ਆਦਿਕਾਂ ਦੇ ਨਾਮ ਗੁਰਬਿਲਾਸ ਆਦਿ ਗ੍ਰੰਥਾਂ ਮੇ ਲਿਖੇ ਹਨ ਇਨਾਂ ਵਿਚ ਰਾਮ ਸ੍ਯਾਮ ਨਾਮ ਦੇ ਕਵੀ ਕੋਈ ਨਹੀ ਹਨ ॥

(੧੫) (ਸ) ਜਾਪ ਸ੍ਰੀਮੁਖਵਾਕ ਕਲਗੀਧਰ ਜੀ ਨੇ ਆਪਨੇ ਹਸਤ ਕਮਲ ਤੇ ਲਿਖਕੇ ਅੱਗੇ ਲਿਖਣੇ ਦੀ ਆਗਯਾ ਦਿੱਤੀ ਤਾਂ ਇਥੇ ਲਿਖਿਆ ਹੈ ਕਿ (ਆਗੇ ਲਿਖਾਰੀ ਕੇ ਦਸਤਖਤ) ਸੋ ਜੇ ਅੱਗੇ ਕਵੀਆਂ ਦੀ ਕਵਿਤਾ ਹੁੰਦੀ ਤਾਂ ਲਿਖ ਦਿੰਦੇ ਜੋ ਅੱਗੇ ਕਵੀ ਕ੍ਰਿਤਬਾਣੀ ਹੈ॥

(੧੬) (ਹ) ਜਾਪ ਦੇ ਅਰੰਭ ਮੇ ਸ੍ਰੀ ਮੁਖਵਾਕ, ਅਕਾਲ ਉਸਤਤਿ ਦੇ ਆਦਿ ਦੀ ਰੋਪਈ (ਪ੍ਰਣ ਵੋ ਆਦਿ ਏਕੰਕਾਰਾ) ਅਰ ਸਾਰੀ ਬਾਣੀ ਦੇ ਪਾਠ ਤੇ ਸ੍ਰੀਮੁਖਵਾਕ ਸਿੱਧ ਹੁੰਦੇ ਹਨ। ਬਚਿਤ੍ਰ ਨਾਟਕ ਮੇ (ਠਾਂਢ ਭਯੋ ਮੈ ਜੋਰਕਰ) (ਇਹੋ ਕਾਜ ਧਰਾ ਹਮ ਜਨਮੰ) (ਹਮ ਇਹ ਕਾਜ ਜਗਤ ਮੋ ਆਏ) ਨਜਟਾਸੀਸ ਧਾਰ ਹੋ ਨਮੁੰਦ੍ਰ ਕਾ ਸਵਾਰਹੋ (ਤਵਨ ਕੀਟ ਤੋਲੌ ਤੁਫੰਗ ਸੰਭਾਰਿਯੋ) ਕਾਲਿੰਦ੍ਰੀ ਤਟ ਕੀਏ ਬਿਲਾਸਾ ਮੁਰਪਿਤਪੂਰਬਕੀਅਸ ਪਜਾਨਾਇਤਸਾਦਿ ਸਾਰੀ ਬਾਣੀ ਤੇ ਸ੍ਰੀਮੁਖਵਾਕ ਸਿਧ ਹੁੰਦੇ ਹਨ ॥

(੧੭) (ਕ) ਚੰਡੀ ਚਰਿਤ੍ਰ ਮੇ ਅਬ ਚੰਡੀ ਚਰਿਤ੍ਰ ਉਕਤ ਬਿਲਾਸ, (ਤਾਂ ਇਸ ਅਬ ਜੋ ਹਿਇ) (ਦੇਹੁ ਸਿਵਾ ਬਰਮੋਹਿਇਹੈ] ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦) ਆਦਿਕ ਪਦੋ ਸੇਂ ਸ੍ਰੀ ਮੁਖਵਾਕ ਸਿੱਧ ਹੁੰਦੇ ਹਨ ॥

(੧੯) (ਖ) ਰਾਮਾਵਤਾਰ ਮੈ (ਪਾਇ ਗਹੇ ਜਬ ਕੇ ਤੁਮਰੇ) ਅਸ ਗੋਬਿੰਦ ਦਾਸ ਤੁਹਾਰ) ਕ੍ਰਿਸਨਾਵਤਾਰ ਵਿਖੇ ਸਤ੍ਰਹ ਸੈ ਪੰਤਾਲਮੈ, ਆਦ ਸੰਬਤੋਂ ਅਰ ਮਾਨ ਲੀਲਾ ਰਾਸ ਲੀਲਾ ਬਿਰਹਨਾਟਕ ਜੁੱਧ ਪ੍ਰਬੰਧ ਆਰ ਭੋਗ ਦੇ ਛੰਦਾ ਸੇ ਸ੍ਰੀ ਮੁਖਵਾਕ ਪ੍ਰਗਟ ਹੁੰਦਾ ਹੈ ॥

ਐਸੇ ਹੀ ਸਸਤ੍ਰ ਨਾਮ ਮਾਲਾ ਚਰਿਤ੍ਰ ਪਖਜਾਨ ਦੇ ਕਾਮਤੇ ਬਚਣੇ ਅਰ ਤ੍ਰਿਯਾ ਚਰਿਤ੍ਰ ਤੇ ਸੁਚੇਤ ਰਹਿਣਾ ਅਰ (ਸੁਧ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ) ਦੇ ਨੀਤੀ ਧਰਮ ਦੀਆਂ ਸਿਖਯਾ ਪਾਖਾਣ ਪੂਜਨ ਦੇ ਨਿਖੇਧ ਜੁੱਧ ਅਰ ਬੀਰਤਾ ਦੇ ਉਦਯੋਗ ਸੇ ਸ੍ਰੀ ਮੁਖਵਾਕ ਸਿੱਧ ਹੁੰਦਾ ਹੈ ॥

(੧੯) (ਙ) ਅਸਫੋਟਕਾਂ ਦੇ ਅੰਤ ਦੇ (ਕਾਗਜ ਦੀਪ ਸਭੈ ਕਰਕੇ ਅਰ ਸਾਤ ਸਮੁੰਦ੍ਰਹਿ ਕੀ ਮਸ ਕੈ ਹੌ। ਕਾਟ ਬਨਾਸਪਤੀ ਸਗਰੀ ਲਿਖਬੇ ਹੂੰ ਕੋ ਲੇਖਨ ਕਾਜ ਬਨੈ ਹੌ। ਸਾਰਸੁਤੀ ਬਕਤਾ ਕਰਕੇ ਜੁਗ ਕੋਟ ਗਣੇਸ਼ ਕੇ ਹਾਥ ਲਿਖੈ ਹੌ। ਕਾਲ ਕ੍ਰਿਪਾਨ ਬਿਨਾ ਬਿਨਤੀ ਨ ਤਊ ਤੁਮ ਕੋ ਪ੍ਰਭ ਨੈਕ ਰਿਝੈ ਹੌ) ਸ੍ਵੈਯੇ ਸੇ ਅਰ ੩੨ ਸਵੈਯੇ, ਜਾਗਤ ਜੋਤ ਜਪੈ ਨਿਸ ਬਾਸੁਰ ਆਦਿਕਾਂ ਸੇ ਸ੍ਰੀ ਮੁਖਵਾਕ ਸਿੱਧ ਹੁੰਦਾ ਹੈ ॥

(੨੦) (ਘ) ਜੇ ਇਹ ਬਾਣੀ ਸ੍ਰੀ ਮੁਖਵਾਕ ਨਾ ਹੁੰਦੀ ਤਾਂ ੧੦ ਸਵੈਯੇ ਸ੍ਰਾਵਗ ਸੁੱਧ ਸਮੂਹ ਆਦਿ ਸਵੈਯੇ ਅਰ ਚੌਪਈ ਹਮਰੀ ਕਰਹੁ ਹਾਥ ਦੈ ਰੱਛਾ ਆਦ ਬਾਣੀ ਦਾ ਪਾਠ ਅੰਮ੍ਰਿਤ ਛਕਾਉਣ ਸਮੇ ਅਰ ਰਾਮਾਵਤਾਰ ਦਾ ਪਾਠ ਦਸਹਿਰੇ ਦੇ ਦਿਨ ਅਰ ਚੰਡੀ ਚਰਿਤ੍ਰਾਂ ਦੇ ਪਾਠ ਨਵਰਾਤ੍ਰਿਆਂ ਮੈ ਤਖਤਾਂ ਪਰ ਅਰ ਕ੍ਰਿਸਨਾਵਤਾਰ ਦੇ ਸ੍ਵੈਯੇ ਹੋਲੇ ਮਹਲੇ ਵਿਖੇ ਹਰਿਮੰਦਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤ ਸਰ ਜੀ ਦੇ ਅੰਦਰ ਕਿਉਂ ਪੜ੍ਹੇ ਜਾਂਦੇ, ਇਹ ਪ੍ਰਾਚੀਨ ਸਮੇ ਦੀਆਂ ਪ੍ਰਚੱਲਤ ਰੀਤਾਂ ਤੋ ਪ੍ਰਗਟ ਹੁੰਦਾ ਹੈ, ਕਿ ਏਹ ਸ੍ਰੀ ਮੁਖਵਾਕ ਹੈ ॥

(੨੧) (ਙ) ਗੁਰਿਆਈ ਦੀ ਗੱਦੀ ਪਰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹਨ ਅਰ ਇਹ ਦਸਮ ਪਾਤਸਾਹੀ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਨਾਂ ਦੇ ਬਰਾਬਰ ਪਲੰਘ ਪਰ ਕਰਦੇ ਹਨ ਜਿਸਤੇ ਸਿੱਧ ਹੁੰਦਾ ਹੈ, ਕਿ ਏਹ ਸ੍ਰੀ ਮੁਖਵਾਕ ਹੈ ॥

[੨੨] (ਚ) ਹਰੇਕ ਬਾਣੀ ਜੋ ਉਲਥਾ ਤਰਜਮਾ ਬੀ ਕੀਤੀ ਗਈ ਹੈ ਯਾ ਚਰਿਤ੍ਰ ਪਖਜਾਨ ਜੋ ਕਿਸੀ ਦਾ ਉਲਥਾ ਨਹੀਂ, ਸਭਨਾਂ ਮੈਂ ਕਾਵਜ ਰੀਤੀ ਅਨੁਸਾਰ ਅਸੂਓਕਤੀਆਂ ਹੁੰਦੀਆਂ ਹਨ, ਸੋ ਇਨਾਂ ਵਿਚ ਸਭ ਥਾਂ ਗੁਰੂ ਜੀ ਕਵਿ ਵਾਰ ਲਿਖਦੇ ਆਪਣੀ ਸੰਮਤੀ ਦਿੰਦੇ ਹਨ, ਇਸਤੇ ਸਿੱਧ ਹੁੰਦਾ ਹੈ ਜੋ ਇਹ ਸ੍ਰੀ ਮੁਖਵਾਕ ਹੈ ॥

(੨੩) (ਛ) ਕਵੀ ਗੁਣੀ ਗਜਾਨੀ ਕਾਵਜਵੇਤਾ ਇਸ ਬਾਤ ਨੂੰ ਨਿਸਚੈ ਕਰਦੇ ਹਨ, ਕਿ ਇਹ ਬਾਣੀ ਆਪ ਹੀ ਦੱਸ ਰਹੀ ਹੈ ਕਿ ਮੈਂ ਸ੍ਰੀ ਮੁਖਵਾਕ ਹਾਂ ਭਾਵੇਂ ਹੋਰ

ਕਈ ਗ੍ਰੰਥ ਥੋੜ੍ਹੇ ਚਿਰ ਤੋਂ ਸ੍ਰੀ ਮੁਖਵਾਕ ਪ੍ਰਗਟ ਹੋਰਹੇ ਹਨ, ਪਰ ਉਨਾਂਦੇ ਅਰ ਇਸਦੇ ਕਾਵ੍ਯ ਤੇ ਹੀ ਭੇਦ ਪ੍ਰਗਟ ਹੁੰਦਾਹੈ ਜੋ ਏਹ ਸ੍ਰੀਮੁਖਵਾਕ ਹੈ ॥

[੨੪] (ਜ) ਜ਼ਫਰਨਾਮਾ ਅਰਥਾਤ ੧੨ ਹਿਕਾਯਤਾਂ ਸ੍ਰੀ ਮੁਖਵਾਕ ਹੋਣੇ ਮੈ ਕਿਸੇ ਨੂੰ ਬੀ ਕੁਛ ਸੰਦੇਹ ਨਹੀਂ ਸਭ ਗੁਰਬਿਲਾਸ ਗ੍ਰੰਥਾਂ ਮੈ ਸ੍ਰੀਮੁਖਵਾਕ ਲਿਖਿਆ ਪ੍ਰਸਿੱਧ ਹੈ ॥

ਤੀਜਾ ਧਯਾਇ ਬੀੜਾਂ ਦੇ ਭੇਦ

(੧) ਗੁਰੂ ਕਲਗੀਧਰ ਜੀ ਨੈ ਏਹ ਸਭ ਬਾਣੀਆਂ ਰਚੀਆਂ, ਪਰੰਤੂ ਜੁੱਧ ਜੰਗਾਂ ਦੇ ਜੋਰ ਅਰ ਦੇਸ ਚਾਲ ਹੋਣੇ ਦੇ ਕਾਰਨ ਖਾਸ ਬੀੜ ਕਿਤੇ ਨਹੀ ਮਿਲ ਸਕਦੀ ਅਰ ਬਾਣੀਆਂ ਸਭਨਾਂ ਵਿਚ ਇੱਕ ਹੀ ਹਨ, ਨਿਰਾ ਅੱਗੇ ਪਿਛੇ ਹੋਣ ਦੇ ਕੁਮਤੇ ਭੇਦ ਹਨ, ਜੋ ਬੁੱਢਾ ਦਲ ਵਿਖੇ ਅਰ ਭਾਈ ਮਨੀ ਸਿੰਘ ਜੀ ਦੇ ਸਮੇ ਵਿਖੇ ਹੋਗਏ ਹਨ, ਅਰ ਕਿਸੇ ਕਿਸੇ ਗ੍ਰੰਥ ਸਾਹਿਬ ਜੀ ਵਿਚ ਸੁਖਮਨਾ ਅਰ ਮਾਲਕੌਂਸ ਦੀ ਵਾਰ ਅਰ ਛੱਕੇ ਅਰ ਇਕ ਦੋ ਸਬਦ ਹੋਰ ਬੀ ਹਨ, ਪਰ ਇਹ ਬਹੁਤ ਹੀ ਵਿਰਲੇ ਹਨ ॥

[੨] ਏਹ ਕਲਗੀਧਰਜੀ ਦੀਬਾਣੀਦੀਆਂਪੋਥੀਆਂਜਿਨਾਂਦਾਨਾਮਬਚਿੱਤ੍ਰਨਾਟਕ ਨਾਮ ਮਾਲਾ ਪੁਰਾਣ, ਉਕਤ ਬਿਲਾਸ ਚਰਿਤ੍ਰ ਪਖਯਾਨ ਜਫਰ ਨਾਮਾ ਆਦਭਿੰਨ ਭਿੰਨ ਸੇ, ਇਨਾਂ ਨੂ ਇਕੱਠੇ ਕਰਕੇ ਇਕ ਬੀੜਬਣਾਉਣੇ ਤੇ ॥ ਦਸਮਪਾਤਸਾਹ ਗ੍ਰੰਥਨਾਮ ਤੇ ਪ੍ਰਸਿੱਧਹੋਯਾ ॥

ਛਾਪਣਾ

(੩) ਆਪਣਾ ਬਿਵਹਾਰ ਅਰ ਸਿੱਖ ਸੰਗਤ ਦਾ ਉਪਕਾਰ ਸਮਝਕੇ ਦਸਮ ਗ੍ਰੰਥ ਸਾਹਿਬ ਜੀ ਪਹਿਲੇ ਦੀਵਾਨ ਬੂਟਾ ਸਿੰਘ ਜੀ ਨੈ ਛਪਵਾਯਾ। ਦੂਜਾ ਛਾਪਾ ਸਯਾਲਕੋਟ ਵਿਚ ਛਪਿਆ। ਤੀਜਾ ਮਹਾਰਾਜਾ ਰਘਬੀਰ ਸਿੰਘ ਵਾਲੀ ਰਯਾਸਤ ਜੀਂਦ ਨੇ ਅਤਿ ਸੁੰਦਰ ਛਪਵਾਯਾ। ਚੌਥਾ ਛਾਪਾ ਭਾਈ ਹਰੀ ਸਿੰਘ ਜੀ ਲਿਖਾਰੀ ਸ੍ਰੀਅੰਮ੍ਰਿਤਸਰ ਨਿਵਾਸੀ ਨੈ ਛਪਵਾਯਾ। ਪੰਜਵਾਂ ਛਾਪਾ ਵਿਚਲੇ ਮੇਲ ਦੇਟਾਇਪ ਅੱਖਰਾਂ ਮੇ ਮਝਲੇ ਅਕਾਰ ਦਾ ਵਿਦਯਾ ਪ੍ਰਕਾਸਕ ਪ੍ਰੇਸ ਮੈ ਅਰ ਛੇਵਾਂ ਸਭ ਤੋਂ ਛੋਟੇ ਟਾਇਪ ਵਿਚ ਛੋਟੇ ਅਕਾਰ ਦਾ ਲਾਹੌਰਇੰਗਲੋਸੰਸਕ੍ਰਿਤਪ੍ਰੇਸ ਮੈ ਛਪਿਆ,

(੪) ਏਹ ਸਚ ਹੈ ਜੋ ਲਿਖਣੇ ਨਾਲੋਂ ਬੀ ਸੋਧਣੇ ਵਿਚ ਪਰਿਸ੍ਰਮ ਬਹੁਤ ਕਰਨਾ ਪੈਂਦਾ ਹੈ ਅਰ ਲਿਖਾਰੀ ਨਾਲੋਂ ਸੋਧਕ ਵਧੀਕ ਬੁੱਧਿਮਾਨ ਚਾਹੀਦਾ ਹੈ ਅਰ ਸੁਧਾਈ ਲੋਕ ਘੱਟਕਰਾਉਂਦੇ ਹਨ ਪਰੰਤੂ ਧਰਮ ਗ੍ਰੰਥਾਂ ਵਿਚ ਭੁੱਲ ਹੋਣ ਇਹ

ਕਿਸੇ ਧਾਰਮਿਕ ਪੁਰਸ ਨੂੰ ਨਹੀ ਭਾਉਂਦਾ। [੫] ਪੰਡਤ ਭਗਵਾਨ ਸਿੰਘ ਮਜੀਠੀਏ ਨੇ ਇਨਾਂ ਦੀ ਸੋਧਾਈ ਪਰ ਬੜਾ ਪਰਿਸ੍ਰਮ ਕਰਕੇ ਹਰੇਕ ਦਸਮ ਸਾਹਿਬਾਂ ਦੇ ਗ੍ਰੰਥ ਸਾਹਿਬਾਂ ਦੇ ਗਲਤ ਨਾਮੇ ਤਿਆਰ ਕੀਤੇ । ਅਰ ਸਿੱਧ ਕੀਤਾ ਜੋ ਭਾਈ ਹਰੀ ਸਿੰਘ ਜੀ ਲਿਖਾਰੀ ਦੇ ਛਾਪੇ ਵਿਚ ਨਿਰੀਆਂ ਭੁੱਲਾਂ ਹੀ ਨਹੀਂ ਸਗੋਂ ਮਾਂ ਇਸਦੇ ਸੋਧਕ ਨੇ ਕਈ ਇਕ ਪਾਠ ਮਨਘੜਤ ਬਣਾਕੇ ਵਿਚ ਲਿਖ ਦਿੱਤੇ ਹਨ। (੬) ਇਹ ਤਾਂ ਬੜੀ ਭਾਰੀ ਮਨਮਤ ਸੀ ਜਿਸ ਤੇ ਪੰਥ ਦੇ ਮੁਖੀ ਅਰ ਗੁਰਸਿੱਖਾਂ ਦੇ ਮਨ ਬਹੁਤ ਦੁਖੇ ਇਸ ਪਰ ਸ੍ਰੀ ਸਤਿਗੁਰੂ ਅਮਰ ਬੇਸ ਅਦਵੈਤਸ ਸ੍ਰੀ ਬਾਬਾ ਸੁਮੇਰ ਸਿੰਘ ਜੀ ਮਹੰਤ ਤਖਤ ਪਟਣਾ ਸਾਹਿਬ, ਸ੍ਰੀ ਦਰਬਾਰ ਸਾਹਿਬ ਜੀ ਦੇ ਗਜਾਨੀ ਭਾਈ ਲਹਿਣਾ ਸਿੰਘ ਜੀ ਆਦਿ ਗਜਾਨੀਓਂ ਅਰ ਪੰਡਤਾਂ ਸਾਹਿਬਜਾਦਿਆਂ ਸੰਤਾਂ ਮਹੰਤਾਂ ਬੁਧਿਮਾਨਾਂ ਨੇ ਸਾਰਟੀਫਿਕਟ ਦਿਤੇ ਜੋ ਇਹ ਭੁੱਲਾਂ ਠੀਕ ਹਨ , ਅਰ ਐਸੇ ਮਨਘੜਤ ਪਦ ਕਲਗੀਧਰ ਮਹਾਰਾਜ ਦੀ ਬਾਣੀ ਵਿਚ ਨ ਚਾਹੀਏ । (੭) ਅਰ ਪੰਡਤ ਭਗਵਾਨ ਸਿੰਘ ਜੀ ਨੇ ਓਹ ਸਹੀਆਂ ਵਾਲਾ ਗਲਤੀ ਨਾਮਾ ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਜੀ ਮੇ ਪੇਸ ਕੀਤਾ, ਸੋ ਮੇਬਰਾਨ ਕਾਰਕੁਨ ਕਮੇਟੀ ਖਾਲਸਾ ਦੀਵਾਨ ਨੇ ਗੁਰਮਤ ਗ੍ਰੰਥ ਪ੍ਰਚਾਰਕ ਸਭਾ ਸ੍ਰੀ ਅਮ੍ਰਿਤਸਰ ਜੀ ਨੂੰ ਇਹ ਸੇਵਾ ਬਖਸੀ (੮) ਅਰ ਇਸ ਸਭਾ ਦੇ ਸਿਕੱਤਰ ਭਾਈ ਆਗਜਾ ਸਿੰਘ ਸਾਹਿਬ ਹਕੀਮ ਦੇ ਸਪੁਤ੍ਰ ਮੀਨਾ ਸਿੰਘ ਜੀ ਨੇ ਇਸ ਕੰਮ ਦਾ ਕੁਲ ਖਰਚ ਆਪਣੇ ਜਿੰਮੇ ਲਿਆ, ਸੋਕਈ ਚਿਰ ਥੋਂ (ਲੈਕਚਰ) ਵਖਜਾਨ ਅਰ ਅਖਬਾਰਾਂ ਦ੍ਵਾਰਾ ਪੁਕਾਰ ਹੋਰਹੀ ਸੀ ਜੋ ਗੁਰਬਾਣੀ ਦੇ ਪੁਸਤਕ ਅਸੁੱਧ ਛਪਦੇ ਹਨ ਅਰ ਸਭਤੇ ਵਧੀਕ ਇਹ ਅਨਰਥ ਹੋਣ ਲਗਾ ਜੋ ਕਵੀ ਲੋਕ ਆਪਣੀ ਮਨਘੜਤ ਨਾਲ਼ ਗੁਰਬਾਣੀ ਨੂੰ ਸੁੱਧ ਕਰਨ ਲਗ ਪਏ ਹਨ ਇਸ ਕਾਰਨ ਇਕ ਇਸ਼ਤਿਹਾਰ ਛਾਪਾ ਟੈਪ ਛਪਵਾਕੇ ਵੰਡਿਆ ਅਰ ਪ੍ਰਦੇਸਾਂ ਮੇਂ ਭੇਜਾ ਗਿਆ ਕਿ ਜੋ ਕੋਈ ਸੁਧਾਈ ਵਿਚ ਬੁੱਧੀ ਬਿਦਜਾ ਵਾ ਧਨ ਤਨ ਕਰਕੇ ਸਹਾਇਕ ਹੋਣਾ ਚਾਹੇ ਗੁਰੂ ਕੀ ਟਹਲ ਕਰੇ। (੯) ਅਰ ਸਰਦਾਰ ਅਰਜਨ ਸਿੰਘ ਸਾਹਿਬ ਸਰਬਰਾਹ ਸੇਵਾ ਗੁਰਦ੍ਵਾਰੇ ਸਾਹਿਬ ਸ੍ਰੀ ਅਮ੍ਰਿਤਸਰ ਜੀ ਜੋ ਇਸ ਸਮੇ ਪ੍ਰੇਜੀਡੈਂਟ ਸਿੰਘ ਸਭਾ ਸੇ, ਤਿਨਾਂ ਪਾਸ ਅਰਜ ਕੀਤੀ ਗਈ ਜੋ ਤਖਤ ਸਾਹਿਬ ਆਦਿ ਗੁਰਦ੍ਵਾਰਿਆਂ ਤੇ ਦਸਮ ਪਾਤਸਾਹੀ ਅਸਵਾਰੇ ਦੇਣ। (੧੦) ਸਰਦਾਰ ਸਾਹਿਬ ਨੇ ਸਭ ਪੁਜਾਰੀ ਸ੍ਰਾਹਿਬਾਨ ਨੂੰ ਇਕਤ੍ਰ ਕਰਕੇ ਸੰਮਤੀ ਲਈ ਤਾਂ ਇਸ ਦੀਵਾਨ ਵਿਚ ਸਭ ਗੁਰਦ੍ਵਾਰੇ ਸਾਹਿਬਾਨ ਦੇ ਪੁਜਾਰੀ

ਇਕਤ੍ਰ ਸੇ। (੧੧) ਅਰ ਇਸ ਕਾਰਜ ਸਤਿਗੁਰੂ ਨੂੰ ਜੋ ਮਨਜੂਰ ਸੀ ਇਸ ਵਾਸਤੇ ਸਭ ਦੀ ਸੰਮਤੀ ਇਹ ਹੋਈ ਕਿ ਐਸਾ ਉੱਤਮ ਕਾਰਜ ਮਲਵਈ ਬੁੰਗੇ ਦੀ ਹੂੰਦੀ **ਤਖਤ ਅਕਾਲ ਬੁੰਗਾ ਸਾਹਿਬ** ਜੀ ਦੇ ਹਜੂਰ ਹੋਵੇ ਇਹ ਖਬਰ ਦੇਸਾਂਤਰਾਂ ਵਿਖੇ ਅਤੇ ਸਿੱਖ ਰਿਆਸਤਾਂ ਵਿਖੇ ਇਸ਼ਤਹਾਰ ਅਰ ਪਤ੍ਰਕਾ ਲਿਖ ਭੇਜਕੇ ਸਾਰੇ ਪ੍ਰਸਿੱਧ ਕਰ ਦਿਤੀ ਅਰ ਹਾੜ ਦਾ ਮਹੀਨਾ ਸਾਰਾ ਫਿਰ ਫਿਰਕੇ ਬੜੀ ਮਿਹਨਤ ਨਾਲ ੩੨ ਅਨਵਾਰੇ ਇਕੱਤ੍ਰ ਕੀਤੇ ਜਿਨਾਂ ਦਾ ਵੇਰਵਾ ਹੇਠ ਲਿਖਿਆ ਹੈ। (੧੩) ਅਰ ੯ ਤਾਰੀਖ ਪ੍ਰਵਿਸ਼ਟੇ ਸਾਵਣ ੧੯੫੨ ਨੂੰ ਭਾਈ ਆਗਯਾ ਸਿੰਘ ਜੀ ਹਕੀਮ ਦੇ ਸਪੁਤ੍ਰ ਭਾਈ ਮੰਨਾ ਸਿੰਘਜੀ ਹਕੀਮ ਦੀ ਹਵੇਲੀ ਤੇ, ਅਗੇ ਬਾਜੇ ਅੰਗਾਰੇਂ ਜੀ ਪਿਛੇ ਸੰਗਤਾਂ ਸਬਦ ਪੜਦੀਆਂ ਇਹਦੇ ਪਿਛੇ ਚੌਰ ਛਤ੍ਰ ਝੁਲ ਰਿਹੇ ਫੁਲ ਬਰਖਾਉਂਦੇ ਛੇਆਂ ਪਾਲਕੀਆਂ ਵਿਚ ੩੨ਸ੍ਵਾਰੇ ਬਿਰਾਜਮਾਨ ਸੇਖ ਨਰਸਿੰਗੇ ਮੰਗਲ ਧੁਨਾਂ ਸ਼ਬਦਾਂ ਦੇ ਉਚਾਰ ਸ੍ਰੀ ਦਰਬਾਰ ਸਾਹਿਬ ਜੀ ਦੀ ਵਡੀ ਪ੍ਰਕਰਮਾ ਕਰਕੇ ਤਖਤ ਸ੍ਰੀ ਅਕਾਲਬੁੰਗਾ ਸਾਹਿਬ ਜੀ ਦੀ ਦੂਸਰੀ ਮੰਜਲ ਪਰ ਕਿ ਜਿਥੇ ਮੰਦਰ ਦਾ ਸ਼ਨਾਨ ਕਰਾਕੇ ਫਰਸ ਗਲੀਚੇ ਬਿਛੇ ਹੋਏ ਸੇ, ਬੱਤੀ ਗ੍ਰੰਥ ਸਾਹਿਬਾਂ ਦੇ ਪ੍ਰਕਾਸ਼ ਹੋਏ। [੧੪] ਅਨੰਦ ਜੀ ਦਾਪਾਠ ਵਡੇ ਰਾਗੀਆਂ ਕੀਤਾ ਅਤੇ ਦਾਸ ਭਾਈ ਮੁਲਤਾਨਾ ਸਿੰਘ ਜੀ ਕੀਤੀ ਅਰਕੜਾਹ ਪ੍ਰਸ਼ਾਦ ਵਰਤਾਕੇ ਸ੍ਰੀ ਜਾਪਜੀ ਦੀ ਪਹਿਲੀ ਪੌੜੀ ਦਾ ਪਾਠ ਹੋਯਾ॥

੩੨ ਗ੍ਰੰਥ ਸਾਹਿਬਾਂ ਦਾ ਬਰਨਨ ਜਿਨਾਂ ਉਤੇਂ ਸੋਧਾਈ ਕੀਤੀ

[੧] ਪਹਿਲੇ ਗ੍ਰੰਥ ਸਾਹਿਬ ਜੀ ਲਿਖਤ ਪ੍ਰਾਚੀਨ ਜਿਸਦੇ ਆਦ ਮੇਂ ਦੋ ਮੂਰਤੀਆਂ ਹਨ ੧ ਛੇਵੇਂ ਪਾਤਸ਼ਾਹ ਦੀ ਦੂਜੀ ਦਸਮ ਪਾਤਸ਼ਾਹ ਜੀ ਦੀ ਅਰ ੧ ਹੁਕਮਨਾਮਾ ਅਰ ਕਈ ਪਤ੍ਰੇ ਅੰਕਪਲੀ ਦੇ ਅਰ ਵਿਚ ਕਿਸੇ ਕਿਸੇ ਪਤ੍ਰੇਉਤੇ ਅੰਕਪਲੀ ਦੇ ਅਖਰਾਂ ਨਾਲ ਸੋਧ ਕੀਤੀ ਹੋਈ ਅਨੁਮਾਨ ਹੈ ਕਿ ਏਹ ਦਸਮ ਪਾਤਸ਼ਾਹ ਜੀ ਦੇ ਹਸਤ ਕਮਲ ਤੇ ਹੈ, ਬਾਣੀ ਦਾ ਕ੍ਰਮ ਸਭਤੇ ਵਖਰਾ ਅਰ ਵਿਚ ਦਸ ਪਤ੍ਰੇ ਪ੍ਰਾਚੀਨ ਤਾਂ ਬੀਸ ਨਵੀਨ ਫੇਰ ੪ ਪ੍ਰਾਚੀਨ ੧੦ ਨਵੀਨ ਅਰ ਕਿਤੇ ਬਾਣੀ ਦੇ ਪਤ੍ਰੇ ਪਰ [ਲੇਖਕ ਦਰਬਾਰੀ ਸਿੰਘ ਵਡਾ] (ਲੇਖਕ ਦਰਬਾਰ ਸਿੰਘ ਛੋਟਾ ਐਸਾ ਲਿਖਿਆ ਹੈ। ਕਦਾਚਿਤ ਏਹ ਨਿਸਚੈ ਹੋਜਾਂਦਾ ਕਿ ਏਹ ਸ੍ਰੀ ਸਤਿਗੁਰੂ ਜੀ ਦਾ ਸੁੱਧ ਕੀਤਾ ਹੋਯਾ ਹੈ ਤਾਂ ਸੋਧਾਈ ਦਾ ਕੁਛ ਯਤਨ ਨਾ ਕਰਦ

ਪੈਂਦਾ, ਇਸੇ ਨਾਲ ਸੁੱਧ ਕਰਲੈਂਦੇ ਪਰ ਨਵੀਨ ਪਤ੍ਰੇ ਬੀ ਬਹੁਤ ਅਰ ਪ੍ਰਾਚੀਨ ਵਿਖੇ ਬੀ ਅਗ੍ਰੋਕਤ ਭੇਦ ਦੇਖਕੇ ਬੁੱਧੀ ਹੈਰਾਨ ਹੂੰਦੀ ਹੈ ਕਿ ਜੇ ਇਸ ਨੂੰ ਸੁੱਧ ਮੰਨੀਏ ਤਾਂ ਹੋਰ ਸਾਰੇ ਅਸ਼ੁੱਧ ਹੂੰਦੇ ਹਨ ਅਰ ਜੇ ਹੋਰ ਸਭਨਾਂ ਨੂੰ ਸੁੱਧ ਮੰਨੀਏ ਅਰ ਕਸਰਤਰਾਇ ਮੰਨੀਏ ਤਾਂ ਇਸ ਦੀਬਾਣੀ ਅਲੌਕਕ ਠਹਿਰਦੀਹੈ ਜਿਹਾਕਿ ਆਰੰਭ ਮੈਂ ॥

੧ ਓਂ ਸ੍ਰੀ ਭਗਉਤੀ ਜੀ ਸਹਾਇ ਜਾਪੁ ਪਾਤਸ਼ਾਹੀ ੧੦ ਕੇਵਲ ਇਕ

ਇਸ ਮੈ ਹੀ ਹੈ ਅਰ ੧ ਓ ਸਤਿਗੁਰਪ੍ਰਸਾਦਿ ਜਾਪ ਸ੍ਰੀ ਮੁਖਵਾਕ ਪਾਤਸ਼ਾਹੀ੧੦ ਛਪੈ ਛੰਦ ਤ੍ਵ ਪ੍ਰਸਾਦਿ । ਸਭਨਾਂ ਮੈਂ ਅਰ ਇਹੋ ਸਭ ਦੇ ਕੰਠ ਹੈ॥

ਜਾਪਜੀ ਅਕਾਲ ਉਸਤਤ ਆਦਿਕ ਬਾਣੀਆਂ ਜੋ ਹਜਾਰਾਂ ਸਿੱਖਾਂ ਦੇ ਕੰਠ ਅਰ ਹਜਾਰਾਂ ਹੀ ਪੁਸਤਕਾਂ ਪਰ ਲਿਖੀਆਂ ਅਰ ਛਾਪਾ ਹੋ ਚੁਕੀਆਂ ਹਨ ਇਸ ਵਿਚ ਸਭ ਥੋਂ ਵਿਲੱਖਨ ਹਨ, ਚੰਡੀ ਦੀ ਵਾਰ ਸਾਰੀ ਹੀ ਨਵੀਨ ਹੈ ਪਹਿਲੀ ਪੌੜੀ ਜੋ ਸਭ ਦੇ ਕੰਠ ਅਰ ਹਰੇਕ ਸਿਖ ਅਰਦਾਸ ਵੇਲੇ ਪੜਦਾ ਹੈ ਇਸਦੀ ਬੀ ਹਰੇਕ ਤੁਕ ਨਵੀਨ ਹੈ । ਕ੍ਰਿਸਨਾਵਤਾਰ ਦੇ ਆਦ ਕਈ ਤੋਪਣੀਆਂ ਹੀ ਨਹੀ ਹਨ । ਕਈਆਂ ਤੁਕਾਂ ਵਿਚ ਅਖਰ ਦੋ ਵਧੀਕ ਹਨ, ਕਿੰਨਾਂ ਵਿਚ ਘਟ ਬੀ ਹਨ ਚਰਿਤ੍ਰਾਂ ਅਰ ਹਿਕਾਇਤਾਂ ਵਿਚ ਤੁਕਾਂ ਅਰ ਸੰਖ੍ਯਾਂ ਬੀ ਘਟ ਹਨ, ਇਹ ਸਭ ਵੇਰਵਾ ਪਾਠਾਂ ਦੀ ਫਹਿਰਿਸਤ ਵਿਚੋ ਅਗੇ ਦੇਖੋ ਇਸਦੇ ਪਤ੍ਰੇ ੪੦੩ ਹਨ ਤਾਂ ਬੀ ਇਸਨੂੰ ਸਭਨਾਂ ਗ੍ਰੰਥ ਸਾਹਿਬਾਂਵਿਚੋਂਪ੍ਰਾਚੀਨਅਰਪ੍ਰੇਮੀਛੇਦਾਨਕੇ ਇਸਦੀਆਂ ਦੋ ਲਾਵਾਂ ਗਿਣੀਆਂ । ਇਸਦੀ ਟਹਿਲ ਵਿਚ ਸਰਦਾਰ ਸੇਵਾ ਸਿੰਘਜੀ ਡਿਪਟੀ ਮਹਿਕਮੇ ਨਹਿਰ ਸਰਦਾਰ ਆਤਮਾਸਿੰਘਤਹਸੀਸੀਲ ਦਾਰ ਅਰ ਭੋਲਾ ਸਿੰਘ ਜੀ ਗ੍ਰੰਥੀ ਸਮਾਧ ਮਹਾਰਾਜਾ ਰਣਜੀਤ ਸਿੰਘ ਜੀਦੇ ਹਨ ॥

(੨) ਦੂਜੇ ਗ੍ਰੰਥਸਾਹਿਬ ਜੀਦੇ ਟਹਿਲੀਏ ਸ੍ਰੀ ਤਰਨਤਾਰਨ ਜੀ ਦਰਬਾਰਦੇ ਗੰਥੀ ਸਿੰਘ ਜੀ ਹਨ ਅਰ ਇਨਾਂ ਦਾ ਪ੍ਰਕਾਸ ਦਰਬਾਰ ਸਾਹਿਬ ਦੇ ਪਾਸ ਸ੍ਰੀ ਗੁਰੂ ਹਰਿਗੁਬਿੰਦ ਸਾਹਿਬ ਜੀ ਦੇ ਗੁਰਦੁਆਰੇ ਅਕਾਲ ਬੁੰਗੇ ਵਿਖੇ ਨਿੱਤ ਹੁੰਦਾ ਹੈ ਲਿਖਤ ਅਤਿ ਸੁੰਦਰ ਅਰ ਪਰਾਚੀਨ ਹੈ । ਪਤ੍ਰੇ ਕਾਗਜ ਕਸਮੀਰੀ ਸੁੱਧ ਭੀ ਚੰਗਾ ਹੈ ਪਰ ੧੨੭੫ ਸੇ ੧੨੯੭ ਤਕ ਅੰਕ ਸਸਤ੍ਰ ਨਾਮ ਮਾਲਾ ਦੇ ਪਾਠ ਤੇ ੪੧੬ ਅੰਕ ਦਾ ਪੱਤਰਾ ਇਕ ਘੱਟ ਹੈ ਅਰ ਇਸ ਪੁਰ ਸ੍ਰੀ ਅਨੰਦਪੁਰ ਜੀ ਦੇ ਗੁ

ਰਦੁਵਾਰੇ ਦੀਆਂ ਪੰਜ ਮੋਹਰਾਂ ਹਨ ਕਿਉਕਿ ਏਹ ਤਖਤ ਕਸਗੜ ਦਰਬਾਰ ਆ ਨੰਦ ਪੁਰ ਜੀਤੇ ਸ੍ਰੀ ਤਰਨ ਤਾਰਨ ਸਾਹਿਬ ਜੀ ਆਏ ਹੋਏ ਹਨ ॥

(੩) ਤੀਜੇ ਸ੍ਰੀ ਗੁਰੂ ਗ੍ਰੰਥਸਾਹਿਬ ਜੋ ਤਖਤ ਅਕਾਲ ਬੁੰਗਾ ਸਾਹਿਬ ਜੀਪ ਰ ਬਿਰਾਜਮਾਨ ਹਨ, ਲਿਖਤ ਸੁੰਦਰ ਅਰ ਪਰਾਚੀਨ ਕਾਗਜ ਸਯਾਲਕੋਟੀਹ ੜਤਾਲ ਲਾਕੇ ਸੋਧਿਆ ਹੋਇਆ ਹੈ ਅਰ ਹਾਸ਼ੀਏ ਪਰ ਕਿਸੇ ਅਨਜਾਣ ਨੇ ਅ ਖਰ ਮੋਟੇ ਟੇਢੇ ਲਿਖਕੇ ਭੁਲਾਂ ਬਣਾਈਆਂ ਹੋਈਆਂ ਹਨ ਪਰ ਫੇਰ ਬੀ ਕਈਥਾਂ ਸੋਧ ਹੈ ਜਿਹਾਕੁ ਕਈ ਤੁਕਾਂ ਅਾਰ ਅੱਖਰ ੬੪ ਅਰ ੬੫ ਵਾਂ ਚਰਿਤਰ ਵਿਚ ਲਿਖਿਆ ਹੀ ਨਹੀ ਪੱਤਰੇ ੫੯੫ ਹਨ ॥

(੪) ਚੌਥੇ ਗੁਰੂ ਗ੍ਰੰਥ ਸਾਹਿਬ ਜੀ ਝੰਡੇ ਬੁੰਗੇ ਸਾਹਿਬ ਜੀ ਦੇ ਲਿਖਤ ਅਰ ਕਾਗਜ ਸਧਾਰਨ, ਸੁਧ ਬੀ ਅਛੇ ਅਰ ਪ੍ਰਾਚੀਨ ਸਮੇ ਦੇ ਹਨ ਪਤਰੇ ੬੭੯ ॥

(੫) ਪੰਜਵੇ ਗੁਰੂ ਗਰੰਥ ਸਾਹਿਬ ਜੀ ਗੁਰਦਵਾਰੇ ਰਾਮਸਰ ਜੀਬਿਰਾਜਮਾ ਨ ਹਨ, ਲਿਖਤ ਪਰਾਚੀਨ ਸਮੇਦੀ ਸੁੱਧ ਚੰਗੇ ਪਤਰੇ ੬੬੧ ॥

(੬) ਛੇਵੇ ਗੁਰੂ ਗ੍ਰੰਥਸਾਹਿਬ ਜੋ ਤਖਤ ਅਕਾਲਬੁੰਗੇ ਦੇ ਵਡੇ ਨੰਬਰਦਾਰ ਗੁ ਲਾਬ ਸਿੰਘ ਜੀ ਦੇ ਪੁਤਰ ਗੁਪਾਲ ਸਿੰਘ ਜੀ ਦੇ ਘਰ ਨਿਵਾਸ ਰਖਦੇ ਹਨ । ਲਿਖਤ ਪਰਾਚੀਨ ਪੱਤਰੇ ੭੧੦ ॥

(੭) ਸੱਤਵੇ ਗੁਰੂ ਗਰੰਥ ਸਾਹਿਬ ਜੀ ਭਾਈ ਗਯਾਨ ਸਿੰਘਜੀ ਗਯਾਨੀਸ੍ਰੀ ਅੰਮ੍ਰਿਤਸਰ ਜੀ ਗੁਰੂ ਚਰਨ ਨਿਵਾਸੀ ਜੀਦੇ ਘਰ ਬਿਰਾਜਦੇ ਹਨ, ਅਰ ਉਕਤ ਗਯਾਨੀ ਜੀਦੇ ਪਿਤਾ ਭਾਈ ਵਿਸਨ ਸਿੰਘ ਗਯਾਨੀ ਜੀਦੇ ਹੱਥਾਂ ਦੀ ਲਿਖਤ ਹੈ

(੮) ਅੱਠਵੇ ਗਰੰਥ ਸਾਹਿਬ ਜੀਪਤਰੇ ਪੈਵੰਦ ਕੀਤੇ ਹੋਏ ਪੁਰਾਤਨੀਲਿਖਤ ਅਰ ਸੁਧ, ਸੰਮਤ ੧੮੪੮ ਬਿਕ੍ਰਮੀ ਦੇਲਗਭਗ ਕਾਬਲ ਦੇ ਕਿਲੇ ਬਾਲਾਸਾਰ ਵਿਚ ਬੈਠਕੇ ਲਿਖਾਰੀ ਨੇ ਲਿਖੇ ਫੇਰ ਕਈ ਚਿਰ ਪਿਸੌਰ ਰਹਿਕੇ ਸੰਮਤ ੧੯੨ ੦ ਥੋਂ ਨਾਮੀ ਗਯਾਨੀ ਗਯਾਨਸਿੰਘ ਜੀ ਅਮ੍ਰਿਤ ਸਰੀਏ ਗੁਰੂ ਚਰਨ ਨਿਵਾਸੀ ਦੇ ਅਰ ਹੁਣ ਉਨਾਂ ਦੇ ਪੁਤਰ ਸੰਤਸਿੰਘ ਜੀ ਦੇ ਘਰ ਬਿਰਾਜਦੇ ਹਨ ਪੱਤਰੇ੫੭ ੭ ਹਨ ॥

(੯) ਨਾਵੇਂ ਗ੍ਰੰਥਸਾਹਿਬ ਜੀ ਭਾਈ ਜੈ ਸਿੰਘ ਜੀ ਹਲਵਾਈ ਸਿਦਕੀ ਭਰੋ ਸੇ ਵਾਲੇ ਸਿਖ ਦੇ ਹਥਾਂ ਦੀ ਲਿਖਤ ਕਿ ਜਿਨਾਂ ਦਾ ਜਵਾਨ ਪੁਤਰ ਅਰ ਜਵਾਨ ਪੋਤਰਾ ਹੁਕਮ ਸਤ ਹੋ ਗਿਆ ਤਾਂ ਉਸਦਿਨ ਬੀ ਵਡੀ ਪੁਰਕਰਮਾਂ ਅਰ ਚੌਂਕੀ ਸਾ

ਹਿਬ ਦੇ ਦਰਸਨ ਵਿਚ ਵਿਘਨ ਨ ਪਾਯਾ ਇਨਾਂ ਦੇ ਪੱਤਰੇ ਮੰਨਾਸਿੰਘ ਜੀਹਕੀ ਮ ਦੇ ਮੰਦਰ ਵਿਚ ਬਿਰਾਜਦੇ ਹਨ . ੭੦ ਵਰੇ ਤੇ ਉਪਰ ਅਵਸਥਾ,ਲਿਖਤ ਸੁੰਦਰ ਪੱਤਰੇ ੬੪੨ ਹਨ ॥

(੧੦) ਦਸਵੇ ਗ੍ਰੰਥ ਸਾਹਿਬ ਜੀ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਜੀਦੇ ਵਡੇ ਗ੍ਰੰਥੀ ਹਰਨਾਮਸਿੰਘ ਜੀਦੇ ਡੇਰੇ ਦੇ ਲਿਖਤ ਪੁਰਾਤਮੀ,ਪੱਤਰੇ ੯੩੨ ਹਨ ॥

(੧੧) ਯਾਰਵੇ ਗ੍ਰੰਥਸਾਹਿਬ ਜੀ ਬੀ ਸ੍ਰੀ ਦਰਬਾਰਸਾਹਿਬ ਅਮ੍ਰਿਤਸਰ ਜੀਦੇ ਵਡੇ ਗਰੰਥੀ ਜਸਾਸਿੰਘ ਜੀਦੇ ਸਮੇਂਦੇ ਪੁਰਾਤਮੀ ਹਨ , ਅਰ ਗਰੰਥੀਆਂ ਦੇ ਡੇਰੇ ਵਿਚ ਹੀ ਬਿਰਾਜਦੇ ਹਨ ਇਨਾਂ ਦੇ ਟਹਿਲੀਏ ਬੀ ਗਰੰਥੀ ਹਰਨਾਂਮ ਸਿੰਘ ਹੀ ਹਨ ॥ ਪਤਰੇ ੭੬੦ ਹਨ॥

(੧੨) ਗਰੰਥਸਾਹਿਬ ਜੀ ਪਿਸ਼ੌਰੀਆਂ ਦੀ ਧਰਮਸਾਲਾ ਦੇ ਲਿਖਤ ਪਰਾਚੀਨ ਕਾਗਜ ਸਤਰਾਂ ਸੁੰਦਰ ਪਤਰੇ ੬੦੪ ਅਰ ਬੜਾ ਅਕਾਰ ਹੈ ਇਨਾਂ ਦਾ ਟਹਿਲੀਆ ਭਾਈ ਨਰੈਣਸਿੰਘਜੀ ਸਿਕਤਰ ਖਾਲਸਾ ਸਤਿਸੰਗਤਸਭਾ ਸ੍ਰੀ ਅਮਰਤਸਰ ਜੀ ਹੈ ॥

(੧੩) ਤੇਰਵੇਂ ਗਰੰਥਸਾਹਬ ਜੀ ਬੁੰਗੇ ਨੂਰ ਮਹਲੀਆਂ ਦੇ ਹਨ, ਇਨਾਂ ਦੀ ਟਹਿਲ ਵਿਚ ਭਾਈ ਕ੍ਰਿਸ਼ਨਸਿੰਘ ਜੀ ਬੁੰਗਈ ਜਿਨਾ ਦੀ ਅਵਸਥਾ ਸ੍ਰੀਗੁਰੂਗਰੰਥ ਸਾਹਿਬ ਜੀ ਲਿਖਦਿਆਂ ਹੀ ਬੀਤੀ ਹੈ ॥ ਭਰੋਸੇ ਵਾਲੇ ਸਿੰਘ ਹਨ ਲਿਖਤ ਪੁਰਾਤਮੀ ਅਰ ਪੱਤਰੇ ੬੬੧ ਹਨ ॥

(੧੪) ਚੌਦਵੇਂ ਗਰੰਥ ਸਾਹਿਬ ਜੀ ਮਹੰਤ ਦੇਵਾਸਿੰਘ ਜੀਦੀ ਧਰਮਸਾਲਾਮੇ ਬਿਰਾਜਦੇ ਹਨ, ਛੋਟਾ ਅਕਾਰ ਲਿਖਤ ਪਰਾਚੀਨ ਸੁਧਾਈ ਕੀਤੀ ਹੋਈ ਪਤਰੇ ੮੫੦ ਹਨ ॥

(੧੫) ਪੰਦ੍ਰਵੇਂ ਗਰੰਥਸਾਹਿਬ ਜੀ ਧਰਮਸਾਲਾ ਭਾਈਸੰਤਸਿੰਘ ਸੁਖਾਸਿੰਘ ਜੀ ਵਿਚ ਬਿਰਾਜਦੇ ਹਨ, ਲਿਖਤ ਪੁਰਾਤਮੀ ਪਤਰੇ ੭੪੯ ਹਨ ॥

(੧੬) ਸੋਲਵੇ ਗ੍ਰੰਥਸਾਹਿਬ ਜੀ ਸੰਤਸਿੰਘ ਸੁੱਖਾ ਸਿੰਘ ਖਾਲਸਾ ਬਰਾਂਚ ਸਕੂਲ ਵਿਚ ਬਿਰਾਜਮਾਨ ਹਨ ਲਿਖਤ ਪਰਾਚੀਨ ਪਤਰੇ ਪ੬੨ ਹਨ ॥

(੧੭) ਸਤਾਰਵੇਂ ਗਰੰਥਸਾਹਿਬ ਜੀ ਬੜੇ ਪਰਾਚੀਨ ਕਾਗਜ ਸਤਰਾਂ ਸੁੰਦਰ ਪੱਤਰੇ ੭੦੧ ਬੁੰਗੇ ਸਰਦਾਰ ਦੇਸਾਸਿੰਘ ਲਹਿਣਾਸਿੰਘ ਮਜੀਠੀਆਂ ਵਿਚ ਬਿਰਾ

ਜਦੇ ਹਨ ਇਨਾਂ ਦੇ ਟਹਿਲੀਏ ਭਾਈ ਸੁੱਖਾਸਿੰਘ ਜੀ ਹੀਰਾਸਿੰਘਜੀ ਬੁੰਗਈਹ ਨ॥

(੧੮) ਅਠਾਰਵੇਂ ਗ੍ਰੰਥ ਸਾਹਿਬ ਜੀ ਲਿਖਤ ਪ੍ਰਾਚੀਨ ਪਤਰੇ ੭੩੧ ਅਰ ਭਾਈ ਸੇਵਾ ਸਿੰਘ ਜੀ ਸੰਤ ਮਹੰਤ ਧਰਮਸਾਲਾ ਬੋਹੜ ਵਾਲੀ ਦੇ ਟਹਿਲ ਕਰਦੇ ਹਨ॥

(੧੯) ਉਨੀਨਵੇਂ ਗ੍ਰੰਥਸਾਹਿਬ ਜੀ ਧਰਮਸਾਲਾ ਪਿਸ਼ੌਰੀਆਂ ਦੇ ਮਾਲਕ ਹਨ, ਲਿਖਤ ਪੁਰਾਤਨੀ ੬੮੦ ਪੱਤਰੇ ਹਨ॥

(੨੦) ਏਹ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਭਿੜਾਣੀਆਂ ਦੇ ਬੁੰਗਈ ਭਾਈ ਲਹੌਰਾ ਸਿੰਘ ਜੀ ਐਡੀਟਰ ਅਖਬਾਰ ਸਿੰਘ ਸਭਾ ਗਜ਼ਟ ਦੀ ਕ੍ਰਿਪਾ ਸੇ ਮਿਲੇ ਸੋ ਲਿਖਤ ਕਾਸ਼ਮੀਰੀ ਸਤਰਾਂ ਮੰਦਰ ਸੁਨਹਰੀ ਅਰ ਆਦ ਦੇ ਪਤਰੇਬੀ ਸੁਨਹਰੀ ਅਰ ਸੋਧੇ ਹੋਏ ਬੀ ਹਨ ਪਤਰੇ ੭੨੮ ਇਨਾਂ ਦੇ ਟਹਿਲੀਏ ਭਾਈ ਠਾਕਰ ਸਿੰਘ ਬ੍ਰਾਹਮਣ ਮੁਨਸੀ ਦਫਤਰ ਮਯੁਨਸਪਿਲ ਕਮੈਟੀ ਦੇ ਬੜੇ ਗੁਣੀ ਪਿੰਗਲ ਪ੍ਰਸਤਾਰ ਅਰ ਸਹਿਤ ਸਾਸਤ੍ਰ ਪਠਤ ਕਵੀ ਹਨ, ਹਨੂਮਾਨ ਨਾਟਕ ਮਾਨੋ ਇਨਾਂ ਦੇ ਰਸਨਾਗਰ ਹੈ ਕਿਉਂਕਿ ਆਪ ਕਹਿੰਦੇ ਹਨ ਕਿ ਅਸਾਂ ਦੋ ਹਜਾਰ ਵੇਰ ਪਾਠ ਨਾਟਕ ਦਾ ਕੀਤਾ ਹੈ॥

(੨੧) ਇਹ ਗ੍ਰੰਥ ਸਾਹਿਬ ਜੀ ਬਹੁਤ ਹੀ ਪੁਰਾਤਮੀ ਅਰ ਬਿਰਧ ਹਨ, ਪਤਰੇ ੬੦੭ ਇਨਾਂ ਦੇ ਟਹਿਲੀਏ ਸਰਦਾਰ ਗੁਰਦਿਤ ਸਿੰਘ ਸੂਬੇਦਾਰ ਆਹਲੂਵਾਲੀਏ ਹਨ॥

(੨੨) ਏਸ ਗ੍ਰੰਥਸਾਹਿਬ ਜੀ ਦੀ ਸੇਵਾ ਠਾਕੁਰ ਅੰਤਰਜਾਮੀ ਜੀ ਦੀ ਧਰਮਸਾਲਾ ਦੇ ਮਹੰਤ ਸਾਧੂਸਿੰਘਜੀਕਰਦੇ ਹਨ ਪੱਤਰੇ ੫੫੫, ਲਿਖਤ ਪੱਤਰੇਸਯਾਹ ਨਾਲ ਕੁਛ ਪੁਰਾਤਨ ਹੈ॥

(੨੩) ਏਹ ਗ੍ਰੰਥਸਾਹਿਬ ਜੀ ਸ੍ਰੀ ਦਰਬਾਰ ਸਾਹਿਬ ਜੀ ਦੇ ਚਰਾਗੀਆਂ ਵੰਗੇ ਦੇ ਮਾਲਕ ਹਨ ਟਹਿਲ ਭਾਈ ਮਣਸਾ ਸਿੰਘ ਚਰਾਗੀਆ ਕਰਦਾ ਹੈ ੬੭ ਪਤਰੇ ਅਰ ਬਹੁਤ ਪੁਰਾਤਮੀ ਹਨ॥

(੨੪) ਏਸ ਸ੍ਰੀਗੁਰੂ ਗ੍ਰੰਥਸਾਹਿਬ ਜੀਦੀ ਸੇਵਾ ਮਹੰਤ ਈਸਰ ਸਿੰਘ ਜੀ ਲਵਈ ਬੁੰਗੇ ਵਿਖੇ ਕਰਦੇ ਹਨ ੭੮੭ ਪੱਤਰੇ ਅਰ ਲਿਖਤ ਪੁਰਾਤਮੀ ਸੁੰਦਰ ਅਰ ਸੁੱਧ ਬੀ ਚੰਗਾ ਹੈ,ਮਹੰਤਜੀ ਦਾ ਕਥਨ ਹੈ,ਕਿ ਇਸ ਉਤੋਂਕਇਆਂਪਰੇ

ਆਂ ਨੈ ਸੋਧਾ ਪੜੀ ਹੈ ॥

੨੫) ਏਹ ਗ੍ਰੰਥਸਾਹਿਬ ਬੀ ਪੁਰਾਤਨੀ ਹੰਨ ਅਰ ਮਲਵਈ ਬੁੰਗੇ ਵਿਚੇਹੀ ਵਿਰਾਜਮਾਨ ਹਨ

(੨੬) ਏਹ ਆਨਵਾਰਾ ਭਾਈ ਸ਼ੇਰ ਸਿੰਘ ਜੀ ਛੋਟੇ ਬੁੰਗੀਏ ਸਿੰਘ ਦਾ ਨਵੀ ਨ ਲਿਖਤ ਪੱਤਰੇ ਸਤਰਾਂ ਸਭ ਅੱਛੇ ਸੁੰਦਰ ਹਨ ॥

(੨੭) ਇਹ ਗ੍ਰੰਥਸਾਹਿਬ ਜੀ ਬੀ ਮਹੰਤ ਅੰਤਰਜਾਮੀ ਸੰਤ ਦੀਧਰਮਸਾਲ ਮੇਂ ਸਿੰਘਾਸਨ ਪਰ ਬਿਰਾਜਮਾਨ ਹਨ. ਅਰ ਬਹੁਤ ਪਰਾਚੀਨ ਹਨ ॥

(੨੮) ਦੀਵਾਨ ਬੂਟਾਸਿੰਘ ਜੀ ਦੇ ਆਫਤਾਬ ਪੰਜਾਬ ਨਾਮੇ ਛਾਪੇ ਖਾਨੇਦੇ ਛਪੇ ਹੋਏ ਹਨ, ਗੁਰਦਵਾਰੇ ਦਰਸਨੀ ਡਿਉੜ੍ਹੀ ਗੁਰੂਕਾ ਬਜਾਰ ਮੈ ਬ੍ਰਿਰਾਜਦੇਹ ਨ, ਆਕਾਰ ਪੂਰਾ ਸਫੇ ੧੨੬੪ ਹਨ, ਜੋ ਅੱਛੇ ਸੁੱਧ ਹਨ,

(੨੯) ਛਾਪਾ ਸਯਾਲਕੋਟ ਕਾ ਆਕਾਰ ਛੋਟਾ ਜਨਮਸਾਖੀ ਦੀ ਪੋਥੀ ਵਰਗਾ ਸੋਧ ਬਹੁਤ ਹੈ ਮਹੰਤ ਗੁਰਦਿਤ ਸਿੰਘ ਜੀ ਦੇ ਡੇਰੇ ਬਿਰਾਜਦੇ ਹਨ,

(੩੦) ਛਾਪਾ ਜੀਂਦ ਆਕਾਰ ਪੂਰਾ ਅੱਖਰ ਸੁੰਦਰ ਮੋਟੇ ਅਰ ਸੋਧਾਈ ਚੰਗੀ ਤਰਾਂ ਹੋਈ ਹੋਈ ਹੈ, ਕਹਿੰਦੇ ਹਨ ਕਿ ਮਹਾਰਾਜਾ ਨੈ ੧੧ ਗ੍ਰੰਥਸਾਹਿਬ ਜੀ ਦਾ ਪ੍ਰਕਾਸ ਕਰਕੇ ੧੧ ਸੋਧਕਾਂ ਤੇ ਸੁੱਧ ਕਰਵਾਇਆ ਸੀ, ਸੋ ਹੋਰ ਬਹੁਤਿਆਂ ਨਾ ਲੋਂ ਸੁੱਧ ਹੈ ਏਹ ਪਰੋਫ਼ੀ ਡੇਟ ਸਾਹਿਬ ਕੌਂਸਲ ਰਿਆਸਤ ਜੀਂਦ ਤੇ ਆਏ ਸੇ ਸਫੇ ੨੦੭੯ ਹਨ ਅਰ ਆਸਫੋਟਕ ਕਵਿਤ ਇਸਵਿਚਹੈਨਹੀ॥

(੩੧) ਛਾਪਾ ਅਮਰਿਤ ਸਰ ਜੀਕਾ ਕਾਗਜ ਅਰ ਅੱਖਰ ਮੋਟੇ ਸੁੰਦਰ ਆਕਾ ਰ ਪੂਰਾ ਸਫੇ ੧੪੭੮ ਸੋਧ ਬਹੁਤ ਪੰਡਤ ਭਗਵਾਨ ਸਿੰਘ ਜਾਂ ਦਾ ਡੇਰੇ ਪੱਥਵਿ ਚ ਸ਼ੋਰ ਮਚਾਉਣ ਦਾ ਕਾਰਨ ਇਹੋ ਗਰੰਥਸਾਹਿਬ ਜੀ ਦਾ ਛਾਪਾ ਹੈ ਪੰਡਤ ਜੀ ਲਿਖਦੇ ਹਨ, ਕਿ ਇਸਦੇ ਸੋਧਕ ਨੈ ਕਈ ਤੁਕਾਂ ਮਨਘੜਤ ਪਾਕੇ ਸੁਧ ਕੀਤੀਆਂ ਹਨ ਏਹ ਗੁਰਦਵਾਰਾ ਦਾਹਲੀ ਸਾਹਬ ਅਰ ਸੰਤ ਕ੍ਰਾਈਰਾਮ ਸਿੰਘ ਜੀ ਅਰ ਭਾਈ ਨਰੈਣ ਸਿੰਘ ਜੀ ਮਾਸਟਰ ਔਮ ਬੀ ਸਕੂਲ ਇਨਾਂਦੋਨਾਂ ਥਾ ਵਾਂ ਤੇ ਆਏ ਸੇ ॥

(੩੨) ਛਾਪਾ ਟਾਇਪ ਆਕਾਰ ਮਝਲਾ ਸਫੇ ੧੪੧੧ ਅਖਰ ਸੁੰਦਰ.ਵਿਰਲੇ ਮੇਲ ਦਾ ਟੈਪ ਸੁਧਾਈ ਸਾਧਾਰਨ ਸਰਦਾਰ ਸੁੰਦਰ ਸਿੰਘ ਸਾਹਿਬ ਰਈਸ

ਮੰਜੀਠਾ ਸੇ ਆਏ ਸੇ .

ਏਨਾਂ ਗ੍ਰੰਥਸਾਹਿਬਾਂ ਦਾ ਨਿੱਤ ਪ੍ਰਕਾਸ਼ ਹੁੰਦਾ ਅਰ ਧੂਪਦੀਪ ਪੁਸ਼ਪਮਾਲਾ ਆਦਿ ਪੂਜਨ ਕਰਕੇ ਪਾਠ ਛਾਪਾ ਜ਼ੀਂਦ ਪਰ ਕਰਦੇ ਅਰਸਭ ਸੋਧਕ ਦੇਖਦੇ ਜਾਂਦੇ ਸੇ। ਜਿਨਾਂਦਾ ਪਾਠ ਨਾ ਮਿਲੇ ਉਹ ਬਾਂਹ ਖੜੀ ਕਰਦਿੰਦੇ ਸੇ ਅਰ ਉਹ ਪਾਠ ਇਕ ਪਤ੍ਰੇ ਪਰ ਲਿਖਿਆ ਜਾਂਦਾ ਸੀ ॥

ਸੋਧਕ ਕੇਹੋ ਜੇਹੇ ਅਰ ਕੌਣ ਕੌਣ ਰੱਖੇ ਗਏ

ਸ੍ਰੀ ਅੰਮ੍ਰਿਤਸਰ ਜੀ ਦੇ ਬੜੇ ਬੜੇ ਮੁਖੀ ਗਿਆਨੀ ਵਿਦ੍ਵਾਨਾ ਦੇ ਡੇਰੇ ਅਰ ਘਰਾਂ ਵਿਖੇ ਜਾ ਜਾ ਕੇ ਬੇਨਤੀ ਕੀਤੀ ਗਈ, ਕਿ ਆਪ ਦਸਮਗ੍ਰੰਥ-ਸਾਹਿਬ ਜੀ ਦੀ ਸੁਧਾਈ, ਗੁਰੂ ਜੀਦੀ ਸੇਵਾ, ਅਰ ਪੰਥ ਦਾ ਉਪਕਾਰ, ਅਰ ਆਪਣੇ ਜਨਮ ਦਾ ਉਧਾਰ, ਅਰਮੁੱਖ ਧਰਮ (ਫ਼ਰਾਇਜ਼) ਜਾਣਕੇ ਕਰੋ, ਤੋ ਸਭਨਾਂ ਮਹਾਤਮਾ ਨੈ ਦਰਸ਼ਨ ਆਣ ਦਿਤ੍ਰਾ, ਪਰ ਜਿਨਾਂ ਦੇ ਮਨ ਵਿਚ ਕੁਛ ਪ੍ਰੇਮ ਦੀ ਅੰਸ ਸੀ ਸੋ ਮੁਫਤ ਸੇਵਾ ਕਰਦੇ ਰਹੇ ਅਰ ਉਨਾਂ ਦੇ ਨਾਮ ਏਹ ਹਨ ॥

(੧) ਭਾਈ ਮੰਨਾਸਿੰਘ ਜੀ ਹਕੀਮ ਪਾਠ ਸਪਸ਼੍ਟ ਅਰ ਸੁੱਧ ਕਰਦੇ ਹਨ, ਅਰ ਜੇ ਕੋਈ ਪਾਠਕ ਅਸੁੱਧ ਪੜੇ ਤਾਂ ਦੂਰ ਬੈਠੇ ਕੰਠਾਗ੍ਰ ਤੇ ਦੂਜੇ ਨੂੰ ਦੱਸਸਕਦੇ ਹਨ ਅਰ ਅੰਗ੍ਰੇਜ਼ੀ ਫ਼ਾਰਸੀ ਗੁਰਮੁਖੀ ਦੇ ਵਯਾਕਰਣ, ਕੋਸ਼ ਛੰਦ੍ਰਾ ਆਦਿ ਸੇ ਗਯਾਤਰੀਯਹਨ ਅਰ ਇਨਾਂ ਦਾ ਭਤੀਜਾ ਸੰਤੋਖਸਿੰਘ ਮਿਡਲਪਾਸ ਹੈ ਇਹ ਵਾਰੋ ਵਾਰੀ ਕੰਮ ਕਰਦੇ ਰਹੇ ਹਨ ਪਰ ਹਾਜ਼ਰੀ ਇਨਾਂ ਦੀ ਬਹੁਤ ਹੀ ਘੱਟ ਰਹੀ ਹੈ ।

(੨) ਭਾਈ ਨਰੈਣਸਿੰਘ ਜੀ ਮਾਸਟਰ ਗਵਰਨਮੈਂਟ ਸਕੂਲ ਮੇ ਫ਼ਾਰਸੀ ਦੇ ਉਸਤਾਦ ਹਨ, ਅੰਮ੍ਰਿਤ ਰਹਿਤ ਮ੍ਰਯਾਦਾ ਮੇ ਪੂਰੇ, [illegible] ਜ਼ਿੰਦਗੀਨਾਮੇ ਦੀ ਟੀਕਾ ਇਨਾਂ ਦੀ ਛਾਪੀ ਹੋਈ ਸਾਰੇ ਪ੍ਰਸਿੱਧ ਹੈ, ਹਾਜ਼ਰੀ ਇਨਾ ਦੀ ਬੀ ਨੌਕਰੀ ਦੇ ਕਾਰਨ ਬਹੁਤ ਹੀ ਘੱਟ ਰਹੀ ਹੈ ॥

(੩) ਭਾਈ ਠਾਕਰਸਿੰਘ ਜੀ ਮੁਨਸੀ ਦਫਤਰ ਮਯੂਨਸਪਿਲ ਕਮੇਟੀ ਜਾਤੀ ਦੇ ਬ੍ਰਾਹਮਣ ਹਸਮੁਖ ਅਰ ਸਰਲ ਸੁਭਾਵ ਫਾਰਸੀ ਗੁਰਮੁਖੀ ਪਿੰਗਲ ਕਾਵ੍ਯ ਵਿਦ੍ਯਾ ਵਿਚ ਕਵੀ ਅਰ ਰਾਗ ਵਿਦ੍ਯਾ ਵਿਚ ਬੀ ਨਿਪੁਣ ਹਨ,

[illegible]

ਜਿਨਾਂ ਦੇ ਹਨੂਮਾਨ ਨਾਟਕ ਕੰਠਾਗ੍ਰ ਹੈ, ਅਰ ਹਾਜਰੀ ਇਨਾਂ ਨੇ ਅੰਤ ਤਕ ਪੂਰੀ ਨਿਬਾਹੀ ਹੈ ॥

(੪) ਭਾਈ ਹਜੂਰਾਸਿੰਘ ਜੀ ਰਾਗੀ ਸ੍ਰੀ ਦਰਬਾਰਸਹਿਬ ਜੀ ਦੇ ਅਰ ਸੰਗਤ ਲੱਕੜ ਮੰਡੀ ਦੇ ਸਿਕਤਰ ਇਨਾਂ ਨੇ ਗੁਰੂ ਬਾਣੀ ਦਾ ਸੰਗ੍ਰਹ ਕਰਕੇ ਇੱਕ ਗੁਟਕਾ ਛਪਵਾਯਾ ਹੋਯਾ ਹੈ ਜਿਸਵਿਚ ਜਨਮ ਵਿਆਹ ਆਦ ਸਭ ਸਮੇ ਸਮੇ ਦੇ ਸਬਦ ਵਖੋ ਵਖ ਲਿਖੇ ਹਨ ਜੋ ਗੁਰਸਿੱਖਾਂ ਨੂੰ ਬੜੀ ਸਹਾਇਤਾ ਦਿੰਦੇ ਹਨ ਹਾਜਰੀ ਵਿਚ ਇਨਾਂ ਦੀ ਬੀ ਸਹਾਇਤਾ ਮਿਲਦੀ ਰਹੀ ॥

(੫) ਧਰਮਸਿੰਘ ਜੀ ਮੈਂਬਰ ਖਾਲਸਾ ਸ਼ੁੱਧ ਸੰਗਤ ਸਭਾ ਅੰਮ੍ਰਿਤਸਰ ਜੀ ਕਿਰਤੀ ਸਿਖ ਗੁਰਮੁਖੀ ਸੁਭਾਵ ਚੌਂਕੀ ਚੜ੍ਹਦੇ ਛਬੀਲ ਦੀ ਸੇਵਾ ਆਦ ਧਰਮ-ਕਾਰਜ ਕਰਦੇ ਰਹਿੰਦੇ ਹਨ ਇਨਾਂ ਨੇ ਅੰਤਤਕ ਬੜੇ ਪ੍ਰੇਮ ਨਾਲ ਸੇਵਾ ਨਿਬਾਹੀ ਹੈ ॥

(੬) ਭਾਈ ਸੰਤਸਿੰਘ ਜੀ ਸ੍ਰੀਮਾਨ ਗਯਾਨਸਿੰਘ ਜੀ ਸਰਬਤ੍ਰ ਪ੍ਰਸਿਧ ਗਯਾਨੀ ਦੇ ਪੁਤ੍ਰ ਐਮ- ਬੀ ਸਕੂਲ ਮੇਂ ਗੁਰਮੁਖੀ ਦੇ ਉਸਤਾਦ ਅਤੇ ਸੁੰਦਰ ਸੁਰੀਲੇ ਪਾਠਕ ਹਨ, ਵਿਚ ਤਿੰਨ ਮਹੀਨੇ ਤਕ ਬੀਮਾਰ ਰਹੇ ਇਸਲਈ ਹਾਜਰੀ ਲਗ ਭਗ ਤਿੰਨ ਮਹੀਨੇ ਹੈ ॥

(੭) ਭਾਈ ਦਰਬਾਰਾ ਸਿੰਘਜੀ ਇੰਟ੍ਰੈਂਸ ਤਕ ਅੰਗ੍ਰੇਜ਼ੀ ਫਾਰਸੀ ਪਠਤ ਅਰ ਗੁਰਮੁਖੀ ਮੇਂ [illegible] ਗਯਾਨੀ ਤਕ ਕੰਮ ਕਰਕੇ ਸਾਰਟੀਫਿਕਟ ਪਾਏ ਹੋਏ ਸ੍ਰੀ ਅੰਮ੍ਰਿਤਸਰ ਜੀ ਦੇ ਮੁਖੀ ਗਯਾਨੀ ਗਯਾਨਸਿੰਘ ਜੀਦੇ ਪੋਤ੍ਰੇ ਹਨ, ਹਾਜਰੀ ਲਗ ਭਗ ਅੱਧ ਦੇ ਹੈ ॥

(੮) ਜੈਦਯਾਲਸਿੰਘ ਜੀ ਮਿਡਲਪਾਸ ਐਮ, ਬੀ ਬ੍ਰਾਂਚ ਸਕੂਲ ਮੇਂ ਉਸਤਾਦ ਅਰ ਗੁਰਬਾਣੀ ਦੇ ਪਰਮ ਪ੍ਰੇਮੀ ਅਰ ਨਾਮ ਦੇ ਰਸੀਏ ਬੜੇ ਗੁਰਮੁਖ ਲੋਕ ਹਨ, ਹਾਜਰੀ ਸੇਵਾ ਅੰਤ ਪ੍ਰਯੰਤ ਇਨਾਂ ਨੈਂ ਨਿਬਾਹੀ ਹੈ॥

(੯) ਗੁਰਦਯਾਲਸਿੰਘਜੀ ਕੁਝਰਾਂਵਾਲੇ ਨਗਰ ਦੇ ਨਿਵਾਸੀ ਕਿਰਤੀ ਅਤੇ ਬੜੇ ਗੁਰਮੁਖ ਲੋਕ ਹਨ, ਇਨਾਂ ਨੇ ਮਨ ਦੇ ਪ੍ਰੇਮ ਨਾਲ ਸੇਵਾ ਸੰਪੂਰਨ ਕੀਤੀ॥

(੧੦) ਕਿਸਨਸਿੰਘ ਜੀ ਰਾਮਸਿੰਘ ਜੀ ਕਿਰਤੀ ਸਿੱਖ ਚਾਵਲਾਂ ਦੀ ਦੁਕਾਨ ਕਰਦੇ ਹਨ ਸਤਸੰਗਤ ਸਭਾ ਦੇ ਮੈਂਬਰ ਬੜੇ ਪ੍ਰੇਮੀ ਹਨ, ਇਨਾਂ ਬੀ ਮਨ ਦੇ ਪ੍ਰੇਮ ਨਾਲ ਸੇਵਾ ਸੰਪੂਰਨ ਕੀਤੀ ॥

(੧੧) ਨਰੈਨਸਿੰਘ ਜੀ ਸਿਕਤ੍ਰ ਖਾਲਸਾ ਸਤਿ ਸੰਗਤ ਸਭਾ ਕਿਰਤੀ ਸਿੱਖ, ਠਾਕਰਸਿੰਘ ਜੀ ਚਾਵਲਾਂਵਾਲੇ ਮੈਂਬਰ ਸਤਸੰਗਤ ਸਭਾ, ਪ੍ਰਤਾਪਸਿੰਘ ਜੀ ਇੰਟ੍ਰੈਨਸ ਪਾਸ ਅਰ ਸਿਕੱਤਰ ਖਾਲਸਾ ਵਿਦਯਾਰਥੀ ਸਭਾ ਦੇ, ਭਗਵਾਨ ਸਿੰਘ ਜੀ ਸਿਕਤਰ ਸੰਗਤ ਚੌਰਸਤੀ ਅਟਾਰੀ, ਹਰਨਾਮਸਿੰਘ ਜੀ ਮੈਂਬਰ ਵਿਦਯਾਰਥੀ ਸਭਾ, ਹਰਨਾਮਸਿੰਘ ਜੀ ਕਲੂਰਕ ਕਿਲਾ ਗੋਬਿੰਦਗੜ, ਬੂੜਸਿੰਘ ਜੀ ਸਿਕੱਤਰ ਸੰਗਤ ਕਟੜਾ ਕਨੱਯਾਂ, ਟੇਕਸਿੰਘ ਜੀ ਸਿਕੱਤਰ ਸੰਗਤ ਚੌਕ ਬਾਬਾਂਸਾਹਿਬ, ਰਾਮਸਿੰਘ ਜੀ ਅਤਾਰ, ਮੱਖਣਸਿੰਘ ਜੀ ਹਲਵਾਈ, ਗੁਰਦਿੱਤ ਸਿੰਘ ਜੀ ਖੂਹਵਾਲੇ, ਘਨਜਾਸਿੰਘ ਤੇਜਾਸਿੰਘ ਜੀ ਇਤਯਾਦਿ ਹੋਰ ਕਈ ਪ੍ਰੇਮੀ ਵਾਰੀ ਵਾਰੀ ਸੁਧਾਈ ਦੇ ਕੰਮ ਵਿਚ ਅੰਤ ਤਕ ਸਹਾਇਕ ਰਹੇ ॥

ਜਿਨਾਂ ਸੋਧਕਾ ਦੀ ਤਿਲ ਫੁਲ ਮਾਤ੍ਰ ਸੇਵਾ ਹੁੰਦੀ ਰਹੀ ਊਨਾਂ ਦੇ ਨਾਮ ਏਹ ਹਨ

(੧) ਭਾਈ ਬਿਸਨਸਿੰਘ ਜੀ ਪੁਜਾਰੀ ਗੁਰਦ੍ਵਾਰਾ ਲੋਹਗੜ ਸਾਹਿਬ ਪਿੰਗਲ ਪ੍ਰਸਤਾਰ ਅਰ ਕਾਵ੍ਯ ਵੇਤਾ ਕਵੀ ਅਰ ਬੜੇ ਗੁਣੀ ਅਰ ਬੜੇ ਸੁੰਦਰ ਲਿਖਾਰੀ ਹਨ ਇਨਾਂ ਦੀ ਉਮਰ ਬਹੁਤ ਬ੍ਰਿਧ ਪਰੰਤੂ ਨਿੱਤ ਪ੍ਰੇਮ ਨਾਲ ਸੇਵਾ ਕਰਦੇ ਰਹੇ ਅਰ ਇਨਾਂ ਨੇਂ ਦਸਮ ਗ੍ਰੰਥ ਜੀ ਦੇ ਛੰਦਾਂ ਦੇ ਭੇਦ ਬੀ ਪਿੰਗਲ ਅਨੁਸਾਰ ਰਚੇ ਹਨ ॥

(੨) ਭਾਈ ਸ਼ੇਰ ਸਿੰਘ ਜੀ ਪਾਠਕ ਅਰ ਲਿਖਾਰੀ ਅਰ ਝੰਡੇ ਬੁੰਗੇ ਸਾਹਿਬ ਦੇ ਪੁਜਾਰੀ ਗੁਰਮੁਖ ਲੋਕ ਅਰ ਵੰਡ ਖਾਣਵਾਲੇ ਸੰਤਸੇਵੀ ਉਦਾਰ ਚਿੱਤ ਕਥਾ ਕੀਰਤਨ ਦੇ ਪ੍ਰੇਮੀ ਹਨ, ਇਨਾਂ ਨੇ ਬੀ ਸੇਵਾ ਸੁਧਾਈ ਦੀ ਅੰਤ ਤਕ ਨਿਬਾਹੀ ॥

(੩) ਸੂਰਤ ਸਿੰਘ ਜੀ ਵਿਹੰਗਮ ਪੋਠੋਹਾਰੀਏ ਸਿੱਖ ਚੌਕੀਦਰਸ਼ਨ ਵਾ

ਤਿੰਨ ਮਹੀਨੇ ਤਕ ਏਹ ਬੀ ਸੌਦਾਈ ਕਰਦੇ ਰਹੇ ॥

(੪) ਭਾਈ ਮੁਲਾਹਾਨਾਸਿੰਘ ਜੀ ਤਖਤ ਸਾਹਿਬ ਜੀ [illegible] ਸਮਾਦਰਾਂ ਦੇ ਪੁਜਾਰੀ ਅਰ ਆਗਕਾਰੀ ਅਤ ਦਰਸਨੀਕ [illegible], ਪਹਿਲੇ [illegible] ਇਨਾਂ ਨੇਂ ਬੀ ਪ੍ਰੇਮ ਨਾਲ ਸੇਵਾ ਸੌਦਾਈ ਦੀ ਕੀਤੀ ॥

(੫) ਭਾਗਸਿੰਘ ਜੀ ਨਿਹੰਗਸਿੰਘ ਸਰਦਾਰ [illegible]ਸਿੰਘ ਸਾਹਿਬ ਰਈਸ ਵਜ਼ੀਰਾਬਾਦ ਦੇ ਗੰਢੀ ਹਨ, ਇਨਾਂ ਨੇ ਬੀ ਕੁਛ ਦਿਨ ਸੌਦਾਈ ਕੀਤੀ

([illegible]) ਹਜਾਰਾਸਿੰਘ ਜੀ ਨਿਹੰਗਸਿੰਘ ਜਿਲੇ ਗੁਜਰਾਂ[illegible]ਲੇ ਦੇ ਇਨਾਂ ਨੇਂ ਸੇਵਾ ਅੰਤ ਤਕ ਨਿਬਾਹੀ ॥

(੭) [illegible]ਸਿੰਘ ਜੀ [illegible]ਵਾਲੇ ਨਾਮਕੀ ਸੁਭਾ[illegible] ਮਹਾਤਮਾ ਸੇਵ ਭਾਈ ਆਸਾਸਿੰਘ ਜੀ ਦੀ [illegible] ਅਰ ਪਾਠਕ ਹਨ, ਸੌਦਾਈ ਦੀ ਸੇਵਾ ਕਰਦੇ ਰਹੇ ॥

(੮) ਕਿਸਨਸਿੰਘ ਜੀ ਪਾਠਕ ਅਰ ਧਰਮਸਾਲੀਏ [illegible] [illegible]ਸਿੰਘ ਜੀ ਭੱਲੇ ਸਾਹਿਬ ਕੇ ਬੀ ਸੌਦਾਈ ਵਿਖੇ ਸੇਵਕ ਰਹੇ ॥

(੯) ਕਰਮਸਿੰਘ ਜੀ ਜਿਲੇ ਸ਼ਾਹਪੁਰ ਵਾਸੀ ਸਾਹੀ[illegible] ਦੇ, ਭਾਈ [illegible]ਸਿੰਘ ਜੀ ਨੇ [illegible] ਤਖਤ ਅਕਾਲਬੁੰਗਾ ਸਾਹਿਬ [illegible] ਮਸਾਲੀਏ [illegible] ਸੇਵਕ ਬਣੇ ਰਹੇ ॥

(੧੦) ਉਦਾਸੀ ਸੰਤ ਗੋਪਾਲਦਾਸ ਜਿੰਦੀ ਦੋਨੋਂ ਸ੍ਰੀ [illegible] ਗ੍ਰੰਥਸਾਹਿਬ ਜੀ ਅਰ ਬਾਣੀ ਭਾਈ ਗੁਰਦਾਸਜੀ ਭਾਈ ਨੰਦਲਾਲ ਜੀ [illegible] ਗੁਰ ਬਿਲਾਸ [illegible] ਪੁਰਾਨ ਆਦ ਗ੍ਰੰਥ ਪੜੇ ਹੋਏ ਪ੍ਰੇਮ ਭਰੇ ਬੈਰਾਗੀ ਸੌ[illegible] ਕਰਦੇ ਰਹੇ ॥

(੧੧) ਭਗਵਾਨਸਿੰਘ ਜੀ ਸਿੰਧੀ ਪ੍ਰੇਮ ਦੀ ਮੂਰਤ [illegible] ਦੋ ਮਹੀਨੇ ਤਕ ਸੌਦਾਈ ਕਰਕੇ ਗੁਰੂ ਕੇ ਚਰਨਾਂ ਵਿਚ ਜਾ ਵਸੇ ॥

(੧੨) ਆਮੀਰਸਿੰਘ ਜੀ ਮਹਿਤ ਜਿਲੈ ਸਾਹਿਪੁਰ[illegible] ਫਿਰੂਕੇ ਦੇ ਹਨ, ਲਿਖਾਰੀ ਹਨ ਅਰ ਪਾਠਕ ਹਨ ਅਰ ਨਾਂਤੁਕੀ ਸੋਦੇਖੀ[illegible] ਕੇ ਪੋਥੀ ਕੰਮ [illegible] ਹੁੰਦੇ ਤਕ ਸੇਵਕ ਰਹੇ ॥

([illegible]) ਹਰਨਾ[illegible] [illegible] ਬਾਵਰਸਿੰਘ ਅਪਰ ਪਹਾਰਿਸ-

ਹੀ ਸਕੂਲ ਦੇ ਛੋਟੀ ਅਵਸਥਾ ਵਿਚ ਅਜਿਹੀ ਚਤੁਰਾਈ ਨਾਲ (ਗਲਤੀ) ਬੁੱਝ ਫੜਦੇ ਸੇ ਜੋ ਹੋਰ ਸਭ ਸੋਧਕ ਹੈਰਾਨ ਹੁੰਦੇ ਸੇ ਇਹਬੀ ਅੰਤਤਕ ਸੇਵਾ ਸੋਧ ਦੀ ਕਰਦੇ ਰਹੇ ॥

(੧੪) ਨਥਾਸਿੰਘ ਜੀ ਬਾਂਕੇ ਅਰ ਇਨ੍ਹਾਂ ਦੇ ਛੋਟੇ ਭਾਈ ਗੁਰਦਿਤਸਿੰਘ ਜੀ ਪੁਜਾਰੀ ਸ੍ਰੀ ਦਰਬਾਰਸਾਹਿਬ ਜੀ ਦੇ ਸੋਧਾਈ ਦੀ ਪੂਰਨਤਾਈ ਤਕ ਇਨਾਂ ਨੈ ਬੜਾ ਪ੍ਰੇਮ ਅਰ ਪ੍ਰੀਤੀ ਦਿਖਾਈ ॥

(੧੫) ਦਰਬਾਰਾਸਿੰਘ ਜੀ ਨਿਹੰਗਸਿੰਘ ਬਹੁਤ ਵਿਦਯਾਪਠਤ ਨਹੀ ਹਨ, ਤਾਂਬੀ ਇਨਾਂ ਦਾ ਪ੍ਰੇਮ ਅੰਤਤਕ ਨਿਬਿਆ ॥

(੧੬) ਬੁਧਸਿੰਘ ਜੀ ਗੁਰਦ੍ਵਾਰੇ ਰਾਮਸਰ ਸਾਹਿਬ ਦੇ ਗ੍ਰੰਥੀ ਅਰ ਸ੍ਰੀ ਦਰਬਾਰਸਾਹਿਬ ਜੀ ਵਿਖੇ ਰਾਗੀ ਹਨ ਇਨਾਂ ਨੈਂ ਬੀ ਸੋਧਾਈ ਅੰਤ ਤਕ ਪਹੁੰਚਾਈ ॥

(੧੭) ਮਿਹਰਵਾਨਸਿੰਘ ਜੀ ਸਿਕਾਰਪੁਰੀਏ ਬਿਹੰਗਮ ਸਾਹਿਬ ਅਰ ਹਜੂਰ ਅਬਚਲਨਗਰ ਨਿਵਾਸ ਦੇ ਬੜੇ ਪ੍ਰੇਮੀ ਹਨ, ਏਹ ਬੀ ਸੋਧ ਪੂਰੀ ਹੋਣੇ ਤਕ ਹਾਜਰ ਰਹੇ ॥

(੧੮) ਸੰਤ ਲਛਮਨਦਾਸ ਜੀ ਉਦਾਸੀ ਸੰਗਲ ਵਾਲੇ ਅਖਾੜੇ ਦੇ ਨਿਵਾਸੀ ਹਨ, ਜਿਨਾਂ ਤਿਹ ਹੋ ਸਕਿਆ ਏਹ ਬੀ ਸੋਧਕ ਬਣੇ ਸੇਵਾ ਕਰਦੇ ਰਹੇ।

(੧੯) ਤਖਤ ਅਕਾਲ ਬੁੰਗੇ ਸਾਹਿਬ ਜੀ ਦੇ ਰਹੁਰਾਸੀਏ ਨਰੈਣਸਿੰਘ ਦੇ ਪੁਤ੍ਰ ਠਾਕਰਸਿੰਘ ਜੀ ਬੀ ਸੋਧਕਾਂ ਵਿਖੇ ਬੇਨਾਗਾ ਹਾਜਰ ਰਹੇ ॥

(੨੦) ਬਿਹੰਗਮ ਕਿਸਨਸਿੰਘ ਜੀ ਸੁਲਤਾਨਪਿੰਡ ਵਿਖੇ ਧਰਮ-ਸਾਲੀਏ ਹਨ ਇਹ ਬੀ ਨਿਤ ਨਿਰਵਿਘਨ ਸੋਧਕਾਂ ਵਿਖੇ ਸੇਵਾ ਕਰਦੇ ਰਹੇ ॥

(੨੧) ਰਾਮਲੋਕ ਜੀ ਸੰਤ ਜਾਤੀ ਦੇ ਖਾਣੀਏ ਸਤਗੁਰੂ ਦੇ ਪ੍ਰੇਮੀ ਸਿੱਖ ਹਨ ਏਹ ਬੀ ਸੋਧਕਾਂ ਵਿਚ ਬੈਠਕੇ ਕਈ ਦਿਨ ਸੇਵਾ ਕਰਦੇ ਰਹੇ ॥

ਇਨਾਂ ਸੋਧਕਾਂ ਵਿਚ ਭਾਈ ਸੇਰਸਿੰਘ ਜੀ ਭਾਈ ਠਾਕਰਸਿੰਘ ਜੀ ਭਾਈ ਨਰੈਣਸਿੰਘ ਜੀ ਮਾਸਟਰ ਭਾਈ ਧਰਮਸਿੰਘ ਜੀ ਭਾਈ ਜੈਦਯਾਲਸਿੰਘ ਜੀ ਗੁਰਦਿਤਾਸਿੰਘ ਜੀ ਬਾਂਕੇ ਮਹੰਤ ਅਜੀਤਸਿੰਘ ਜੀ ਅਰ ਪੰਡਤ ਭਗਵਾਨਸਿੰਘ

ਜੀ ਆਪੋ ਆਪਣੇ ਗ੍ਰੰਥ ਸਾਹਿਬ ਜੀ ਸੋਧਦੇ ਬੀ ਰਹੇ। ਹਰਤਾਲ ਕਲਮ ਦਵਾਤ ਸਭ ਕੁਛ ਮੁਫਤ ਦਿੱਤਾ ਜਾਂਦਾ ਸੀ॥

ਮਿਤੀ ਸਾਵਣ ਦਿਣੇ ੮ ਸੰਮਤ ੨੯੫੨ ਸੇ ਅਰੰਭ ਕਰਕੇ ਨਿੱਤ ਬੇਨਾਗਾ ੫ ਫਗਣ ਤਕ ੩ ਯਾ ੪ ਘੰਟੇ ਸੋਧਾਈ ਹੁੰਦੀ ਰਹੀ॥

ਪ ਧਜਾਇ

(੧) ਮਿਤੀ ੬ ਫਗਣ ਨੂੰ ਪਾਠ ਦੀ ਸਮਾਪਤੀ ਦਾ ਇਸ਼ਤਹਾਰ ਪਹਿਲੇ ਦਿੱਤਾ ਗਿਆ ਸੀ। ਭਾਈ ਸਾਧੂਸਿੰਘ ਜੀ ਡਿਪਟੀ ਕਨਸਰਵੇਟਰ ਜੋ ਸ੍ਰੀ ਦਰਬਾਰਸਾਹਿਬ ਜੀ ਦੇ ਧੂਪੀਆਂ ਵਿੱਚੋਂ ਗੁਰਮੁਖ ਸਿੱਖ ਅਰਪੰਥ ਦੇ ਸੁਭਇੱਛਕ ਧਰਮਾਤਮਾ ਉਪਕਾਰੀ ਸਰੀਰ ਹਨ, ਇਨਾਂ ਦੇ ਖਰਚ ਸੇ ਦਰਸਨੀ ਦਰਵਾਜਾ ਸ੍ਰੀ ਦਰਬਾਰ ਸਾਹਿਬ ਜੀ ਦੇ ਅੱਗੇ ਸਭਨਾਂ ਗ੍ਰੰਥ ਸਾਹਿਬਾਂ ਦਾ ਪ੍ਰਕਾਸ ਕਰਕੇ ਸਣੇ ਸਰਦਾਰ ਅਰਜਨਸਿੰਘ ਜੀ ਸਰਬਰਾਹ ਅਰ ਮੁਖੀ ਮੁਖੀ ਪੁਜਾਰੀ ਸਿੰਘ ਅਰਸਾਰੇ ਸੋਧਕ ਗ੍ਰੰਥੀ ਸਿੰਘਾਂ ਦਾ ਅਕਸ ਲਿਆ ਗਿਆ। ਇਹ ਮੂਰਤ ਅਤਿ ਸੁੰਦਰ ਬਣੀ ਹੈ। ਜੋ ੧॥) ਕੋ ਸੋਦਾਗਰ ਬਿਸਨਸਿੰਘ ਹਾਲਬਜ਼ਾਰ ਸੇ ਮਿਲ ਸਕਦੀ ਹੈ॥

(੨) ੪ ਫਗਣ ਨੂੰ ਦਸਮਗ੍ਰੰਥ ਸਾਹਿਬ ਜੀ ਬੜਾ ਅਕਾਰ ਜਿਸ ਦੀ ਸਰਦਾਰ ਦੇਸਾਸਿੰਘ ਸਾਹਿਬ ਸਰਦਾਰ ਲਹਿਣਾਸਿੰਘ ਜੀ ਵਲੋਂ ਸੇਵਾ ਹੋਈ ਅਰ ਤਖਤ ਸਾਹਿਬ ਪਰ ਬੜੇ ਅਦਬ ਸੇ ਬਿਰਾਜਮਾਨ ਹਨ, ਇਨਾਂ ਦਾ ਅਖੰਡੀ ਪਾਠ ਵਿਧੀ ਪੂਰਬਕ ਰਖਿਆ ਗਿਆ ੧੬ ਪਹਿਰ ਅਖੰਡ ਪਾਠ ਹੋਯਾ ਅਰ ੧੫ ਪਹਿਰ ਝੜੀ ਬੀ ਅਖੰਡ ਫੂਲ ਬਰਸਾਉਂਦੀ ਰਹੀ॥ ੬ਫਗਣ ਸੰਮਤ ੧੯੫੨ ਐਤਵਾਰ ਪਹਿਰ ਰਾਤ ਰਹਿੰਦੀ ਅਕਾਸ ਨਿਰਮਲ ਹੋ ਗਿਆ ਆਪਣੇ ਸਮੇਂ ਪਰ ਦਿਨਪਤੀ ਮਹਾਰਾਜ ਨੇ ਪ੍ਰਕਾਸਮਈ ਕਿਰਨਾਂ ਦਾ ਮੁਕਟ ਪਹਿਨੇ ਦਰਸਨ ਦੇ ਕੇ ਦੀਵਾਨ ਦੀ ਆਗਿਆ ਦਿੱਤੀ। ਗਲੀਚੇ ਅਰ ਦਰੀਆਂ ਉਪਰ ਸਫੈਦ ਚਾਦਰਾਂ ਦਾ ਫਰਸ ਦੂਰ ਤਕ ਵਿਛਾਯਾ ਗਿਆ ਵਿਚਕਾਰ ਤਖਤ ਸਾਹਿਬ ਪਰ ਬੜੇ ਬਾਬਾ ਜੀ (ਵਡੇ ਅਕਾਰਵਾਲਾ) ਬਿਰਾਜਮਾਨ, ਸੋਲਾਂ ਗ੍ਰੰਥਾਂਸਾਹਿਬਾਂ ਦਾ ਪ੍ਰਕਾਸ ਸੱਜੇ ਅਰ ੧੬ ਦਾ ਖਬੇ, ਉਪਰ ਬੜੇ ਬੜੇ ਕੀਮਤੀ ਰੁਮਾਲ ਜਗ-ਮਗਾਉਂਦੇ ਅਰ ਫੁਲਾਂ ਦਿਯਾਂ ਮਾਲਾ ਦੀ ਸੋਭਾ ਸਣੇ ਅਨੂਪ ਛਬ ਪਾ ਰਹੇ ਸਨ।

ਇਕ ਇਕ ਸੋਧਕ ਗ੍ਰੰਥੀ ਤਾਬਿਆ ਬੈਠਾ ਅਰ ਇਕ ਇਕ ਟਹਿਲ ਵਾਲਾ ਚਾਂਦੀ ਸੋਨੇ ਦੇ ਡੰਡੀ ਵਾਲੇ ਚੌਰ ਝੁਲਾਉਂਦਾ ਖੜਾ ਸੀ (੫) ਆਗੇ ਸ੍ਰੀ ਦਰਬਾਰ ਸਾਹਿਬ ਜੀ ਦੇ ਵਡੇ ਰਾਗੀਆਂ ਦੀ ਚੌਂਕੀ ਇਨਾਂ ਦੇ ਨਾਲ ਖਾਲਸਾ ਸਤਸੰਗਤ ਸਭਾ ਦੀ ਕੀਰਤਨ ਮੰਡਲੀ ਫੇਰ ਭਜਨ ਮੰਡਲੀ ਸੰਗਤ ਲਕੜ ਮੰਡੀ ਦੀ ਫੇਰ ਖਾਲਸਾ ਭਜਨ ਮੰਡਲੀ ਸੰਗਤ ਚਾਵਲ ਮੰਡੀ ਦੀ ਮਨੋਹਰ ਸੁਰਾਂ ਨਾਲ ਸੰਬਦਾਂ ਦਾ ਉਚਾਰ ਕਰਦੇ ਸੇ।

੬ ਸਰਦਾਰ ਅਰਜਨ ਸਿੰਘ ਸਾਹਿਬ ਰਈਸ ਚਾਹਲ ਸਰਬਰਾਹ ਸਰਦਾਰ ਸੁੰਦਰ ਸ਼ਿੰਘ ਸਾਹਬ ਰਈਸ ਮਜੀਠਾ ਆਦੀ ਸਰਦਾਰ ਅਰ ਉਦਾਸੀ ਭੇਖਦੇ ਸ੍ਰੀ ਮਹੰਤ ਨਿਰੰਜਨ ਦਾਸ ਜੀ ਅਰ ਸੇਵਾ ਪੰਥੀ ਸਾਧੂਆਂ ਦੇ ਸ੍ਰੀ ਮਹੰਤਕਿਰਪਾ ਰਾਂਮ ਜੀ ਆਦ ਸਭ ਸੰਤ ਮਹੰਤ ਅਰ ਸ੍ਰੀ ਦਰਬਾਰ ਸਾਹਿਬਜੀ ਦੇ ਅਰ ਸ੍ਰੀ

੭ ਅੰਮ੍ਰਿਤਸਰ ਜੀਦੇ ਮੁਖੀ ੨ ਗਯਾਨੀ ਅਰ ਸਾਹੂਕਾਰ ਸਿਖ ਸੰਗਤਾਂਦੀਭੀੜ ਅਪਾਰ ਬੇਸੁਮਾਰ ਸੀ। ਚਾਰੇ ਲਾਹਮੋਂ ਕੜਾਹ ਪ੍ਰਸਾਦ ਦੇ ਥਾਲ ਅਰ ਫੁਲਾਂ ਦੇ ਹਾਰ ਲਈ ਸੰਗਤਾਂ ਆ ਰਹੀਆਂ ਸਨ ਵਿਚਕਾਰ ਕੜਾਹ ਪ੍ਰਸਾਦ ਦੇ ਥਾਲਾਂ ਦੀਆਂ ਪੰਕਤਾਂ ਚਿਟੇ ਰੁਮਾਲਾਂ ਸਣੇ ਪਹਿਨੇ ਹੋਏ ਸੋਭਾ ਦੇ ਰਹੀਆਂ ਸਨ। ਸੰਖਾਂ ਦੀਆਂ ਧੁਨਾਂ ਅਰ ਨਰਸਿੰਗੇ ਅਰ ਅੰਗਰੇਜੀ ਬਾਜੇ ਸਹਨਾਈਆਂ ਮੰਗਲਾਚਾਰ ਪ੍ਰਗਟ ਕਰ ਰਹੀਆਂ ਸਨ। ਭੋਗ ਵੇਲੇ ਸਭਨਾਂ ਗਰੰਥ ਸਾਹਿਬਾਂ ਤੇ ਜਾਪਜੀ ਦਾ ਪਾਠ ਅਰ ਚੌਪਈ (ਹਮਰੀ ਕਰਹੁ ਹਾਥਦੇ ਰਛਾਂ) ਦਾਪਾਠ ਮਿਲਕੇ ਹੋਯਾ ਸਰਦਾਰ ਅਰਜਨ ਸਿੰਘਜੀਦੇ ਹਥੀਂ ਬਸੰਤੀਰੁਮਾਲਅਰਸਰਦਾਰਸੁੰਦਰਸਿੰਘ ਜੀ ਦੇ ਹਥੀਂ ਤਿਲਕ ਅਰ ਪੁਸਪ ਚੜਾਏ ਗਏ ਅਰ ਬਸੰਤੀ ਦੁਪਟੇ ਤਖਤ ਸਾਹਿਬਜੀ ਦੀ ਵਲੋਂ ਸਭਨਾਂ ਸੋਧਕਾਂ ਗਰੰਥੀਆਂ ਨੂ ਸਿਰੋ ਪਾਉ ਬਖਸੇ ਗਏ। ਇਸ ਵੇਲੇ ਦੇ ਦੀਵਾਨ ਦੀ ਛਬ ਅਕਥਨੀਯ ਅਰ ਅਨੂਪ ਸੀ॥ ਅਰਦਾਸ ਭਾਈ ਮੂਲਤਾਨ ਸਿੰਘ ਜੀਨੇ ਕੀਤੀ ਇਸ ਵੇਲੇ ਸਰਦੂਲ ਸਿੰਘ ਜੀ ਗਿਆਨੀ ਨੇ ੧੧ ਭੇਟਾ ਰਖਕੇ ਭੁਲਚੁਕ ਬਖਸਾਉਣ ਦੀ ਅਰਦਾਸ ਕਰਵਾਈ ਜੋ ਅਸੀ ਸਭ ਸੋਧਕ ਭੁਲਣੇ ਜੋਗ ਅਨੇਕ ਔਗਣਾਂ ਨਾਲ ਭਰੇ ਹੋਏ ੮ ਮਹੀਨੇ ਤਕ ਸਤਗੁਰੂ ਦੇ ਪਵਿਤ੍ਰ ਮੰਦਰਵਿਚ ਬੈਠਦੇ ਰਹੇ ਹਾਂ ਕਈ ਤਰਾਂ ਦੀ ਬੋਲਣ ਬੈਠਣ ਵਿਚ ਬਿਅਦਬੀਆਂ ਹੋ ਜਾਂਦੀਆਂ ਹਨ ਸੋ ਸਤਗੁਰੂ ਬਖਸਣ, ਸੋ ਅਰਦਾਸ ਪਰਵਾਨ ਹੋਈ ਕੜਾਹ ਪ੍ਰਸਾਦ ਵਰਤਾਯਾਗਿਆ ਅਰੁ ਪਾਲਕੀਆਂ ਵਿਚ ਪਧਰਾਇਕੇ ਗ੍ਰੰਥ

ਸਾਹਿਬ ਜੀ ਮੈਨਾ ਸਿੰਘ ਜੀ ਹਕੀਮ ਦੇ ਸਥਾਨ ਹੋਕੇ ਜਿਨਾ ਜਿਨਾਂ ਧਰਮਸਾਲ
ਬੁੰਗਿਆਂ ਤੇ ਆਏ ਸੇ ਪਹੁਚਾਏ ਗਏ ॥

ਉਪਰੰਦ ੭ ਫਗਣ ਸੰਮਤ ਪ੨ ਸੋ ਮਲਵਈ ਬੁੰਗੇ ਵਿਖੇ ਨਿੱਤ ੩ ਘੰਟੇ ਤਕ ਕਮੇਟੀ(ਸਭਾ) ਬੈਠਣ ਲਗੀ ਜਿਸਵਿਚ ਅਗ੍ਰੋਕਤ ਗਯਾਨੀਸਾਹਿਬ ਯਥਾ ਬੁੱਧਿ ਆਪਣੀ ਸੰਮਤੀ ਦਿੰਦੇ ਸੇ । ਇਸ ਵੇਲੇ ਬੀ ਸਭਨਾ ਮੁਖੀ ਅਰ ਮਹਾਤਮਾ ਗਯਾਨੀ ਸਾਹਿਬਾਂ ਦੀ ਸੇਵਾ ਵਿਚ ਪਰਾਰਥਨਾ ਕੀਤੀ ਗਈ ਪਰ ਅਗ੍ਰੋਕਤ ਗਿਆਨੀ ਸਾਹਿਬਾਂ ਨੇ ਸੇਵਾ ਪੂਰਨ ਕੀਤੀ ॥

ਏਹ ਗਯਾਨੀ ਨਿਤ ਹਾਜਰ ਰਹ

ਭਾਈ ਭਗਵਾਨਸਿੰਘ ਜੀ	ਭਾਈ ਕ੍ਰਿਸ਼ਨਸਿੰਘ ਮਹੰਤ ਗੁਰਦੁਆਰਾ ਲੋਹਗੜ੍ਹ
ਭਾਈ ਬਖਸੀਸ ਸਿੰਘ ਜੀ	ਭਾਈ ਧਯਾਨ ਸਿੰਘ ਜੀ ਗਯਾਨੀ
ਭਾਈ ਦੀਪਸਿੰਘ ਜੀ	ਭਾਈ ਦਿਆਲਸਿੰਘਜੀ ਸੰਤ
ਸੰਤ ਗੋਪਾਲਦਾਸ ਜੀ	ਭਾਈ ਭਗਵਾਨਸਿੰਘ ਜੀ ਪੰਡਤ
	ਭਾਈ ਮੰਨਾ ਸਿੰਘ ਜੀ ਹਕੀਮ
	ਭਾਈ ਠਾਕਰ ਸਿੰਘ ਜੀ ਮੁਨਸੀ
	ਭਾਈ ਨਰੈਣਸਿੰਘ ਜੀ ਮਾਸਟਰ
	ਭਾਈ ਹਜਾਰਾ ਸਿੰਘ ਜੀ ਪੰਡਤ
	ਭਾਈ ਹਰਨਾਮਸਿੰਘ ਜੀ ਨਕਈ

ਇਹ ਵਿਦਵਾਨ ਕਿਸੇ ਕਿਸੇ ਦਿਨ ਇਸ ਕੰਮ ਦੀ ਪੂਰਨਤਾਈ ਤਕ ਦਰਸਨ ਦਿੰਦੇ ਰਹੇ । ਜੈਦਯਾਲਸਿੰਘ ਜੀ ਪਰੇਮੀ ਨਿਤ ੩ ਮਹੀਨੇ ਤਕ ਸੇਵਾ ਵਿਚ ਸਵਾਧਾਨ ਰਹੇ ॥

ਵਡਾ ਬਾਬਾ ਸਿਰੋਮਣੀ ਅਰ ਛਾਪਾ ਜੀ ਦੇ ਦੋ ਗ੍ਰੰਥਸਾਹਿਬਜੀਦਾਹਰ ਰੋਜਸਰੂ ਅਰ ਹੋਰ ਕਦੀ ਇਕ ਕਦੀ ਦੋ ਲੋੜ ਦੇ ਅਨੁਸਾਰ ਪ੍ਰਕਾਸ ਕੀਤਾ ਜਾਂਦਾ ਸੀ ਰੋਜ ਅਰੰਭ ਸਮੈ ਅਰਦਾਸ ਕੀਤੀ ਜਾਂਦੀ ਸੀ ਕਿ ਹੇ ਸਰੇ ਪਾਤਸਾਹਤੁਸੀ ਆ ਸਾਡੇ ਘਟਾਂ ਵਿਚ ਵਸਕੇ ਆਪਣੇ ਸੁਧ ਪਾਠ ਪ੍ਰਗਟ ਕਰੋ ਅਰ ਸਾਥੋਂ ਨਿਰ ਖਤਾ ਨਾਲ ਸੇਵਾ ਲਓ ਉਪਰੰਦ ਸੋਧਾਈ ਦੇ ਸਮੈ ਜਿਨਾਂ ਤੁਕਾਂ ਪਦਾ ਸਬਦਾਂ ਉਤੇ ਭਰਮ ਸੀ ਜੋ ਪੰਜਾਂ ਸਾਹਿਬਾਂ ਦਾ ਪਾਠ ਐਉਂ ਹੈ ਅਰ ੧੮ ਪਰ ਏਹ ਜਾ ੧੨ ਪਰ ਏਹ ੧੮ ਪਰ ਏਹ ਉਨਾਂ ਸਥਲਾਂ ਪਰ ਨੀਸ਼ਾਨ ਲਗੇ ਹੋਏ ਸੇ ਲ ਕੇ ਪਾਠ ਕੀਤਾ ਜਾਂਦਾ ਸੀ ਅਰ ਗਿਆਨੀ ਸਾਹਿਬ ਉਸ ਪਦ ਦਾ ਅਸ ਕਾਵ ਅਰ ਪੂਰਾ ਪੂਰਬਲਾ ਕ੍ਰਮ ਅਰ ਵਧੀਕ ਸੰਮਤੀ (ਗਾਲ

ਰਾਇ) ਬੀਦਾਰਕੇ ਸੰਮਤੀ ਲਗਾਉਂਦੇ ਸੇ ਜੋ ਇਹ ਪਾਠ ਸੁਧ ਹੈ ਅਰ ਉਸਪਰ ਇਕ ਆੜੀ ਲਕੀਰ — ਦਾ ਨਸ਼ਾਨ ਲਾਯਾ ਜਾਂਦਾ ਸੀ ਇਸਤਰਾਂ ਏਹ ਕਾਰਜ ਜੇਠ ਮਹੀਨੇ ਵਿਚ ਪੂਰਨ ਹੋਯਾ।

ਭੋਗ ਦੇ ਦਿਨ ਕੜਾਹ ਪਰਸਾਦ ਕੇਸਰ ਪੁਸਪ ਧੂਪ ਦੀਪ ਆਨੰਦ ਜੀ ਦਾ ਪਾਠ ਅਰਦਾਸ ਹੋਈ ਅਰ ਸਰਦਾਰ ਸੁੰਦਰ ਸਿੰਘ ਸਾਹਿਬ ਰਈਸ ਮਜੀਠਾ ਪਰੇਜ਼ੀਡੈਂਟ ਸਿੰਘ ਸਭਾ ਅੰਮ੍ਰਿਤਸਰ ਜੀ ਅਰ ਭਾਈ ਸੰਤਸਿੰਘ ਸਾਹਿਬ ਸਿਕਤਰ ਅਰ ਭਾਈ ਈਸਵਰਸਿੰਘਜੀ ਸਾਹਿਬ ਮਹੰਤ ਮਲਵਈ ਬੁੰਗਾ ਜੀ ਦੀ ਹੱਥੀ (ਗੁਰ ਪੂਜਾ ਬਿਧਿ ਸਹਿਤ ਕਰੀ) ॥ ਪੁਨਃ ਪੁਸਪ ਮਾਲਾ ਕੰਠ ਮੇ ਤਿਲਕ ਮਸਤਕ ਮੇ ਉਪਰ ਵਨੰਤੀ ਦੁਪਟੇ ਸਿਰੋਪਾਵ ਪਹਿਨਾਏ ਅਰ ਇਲਾਇਚੀਆਂ ਸਣੇ ਨਕਦੀ ਮਾਯਾ ਚਾਰੋਂ ਗਯਾਨੀ ਸਾਹਿਬਾਂ ਦੀ ਭੇਟ ਕੀਤੀ ਇਸ ਵੇਲੇ ਭਾਈ ਦੀਪਸਿੰਘ ਜੀ ਗਿਆਨੀ ਮਲਵਈ ਬੁਗਾ ਨੈ ਆਪਣੀ ਮਾਯਾ ਨੰਬਰ ਪਹਿਲੇ ਅਰ ਦੂਜੇ ਗਿਆਨੀ ਜੀ ਦੀ ਹੀ ਭੇਟ ਕਰ ਦਿਤੀ ॥

ਛੀਵਾਂ ਧਿਆਇ

ਲੇਖਾ ਆਮਦਨੀ ਅਰ ਖਰਚਾਂ ਦਾ

ਆਮਦਨੀ

੨੨੫) ਭਾਈ ਜੈ ਸਿੰਘ ਆਗਯਾ ਸਿੰਘ ਜੀ ਦੇ ਪੁਤਰ ਮੰਨਾ ਸਿੰਘ ਜੀ ਹਕੀਮ।

੨੫) ਭਾਈ ਮਤਾਬ ਸਿੰਘ ਜੀ ਗੁਰਬਖਸਸਿੰਘ ਜੀ ਸਾਹੂਕਾਰ ਵਾਸੀ ਹਵੇਲੀ ਗ੍ਰਾਮ ਜ਼ਿਲਾ ਮਿੰਟਗੁਮਰੀ ਸ੍ਰੀਮਾਨ ਗਜਾਨਸਿੰਘ ਜੀ-ਗਯਾਨੀ ਸਾਹਿਬ ਦੇ (ਮਾਮੇ ਜੀ ਦੇ ਪੁਤਰ) ਭਾਈ ਹਨ ॥

੨) ਬਾਬੂ ਮੁਰਾਰੀਸਿੰਘ ਜੀ ਵਾਸੀ ਬਹਾਵਲਪੁਰ।

੧) ਭਾਈ ਜਵਾਹਰਸਿੰਘ ਜੀ ਸਿਕਤਰ

ਖਰਚ

੫॥) ਛਪਵਾਈ ਇਸ਼ਤਹਾਰ ਅਕਾਲਪ੍ਰੈਸ ਲਹੌਰ

੧॥) ਇਸ਼ਤਹਾਰ ਭੇਜਣ ਦੀ ਉਜਰਤ ਅਖਬਾਰ ਖਾਲਸਾ ਧਰਮ ਪਰਚਾਰਕ

੨।-) ਟਿਕਟ ਇਸ਼ਤਿਹਾਰ ਸਾਰੀਆਂ ਸਿੰਘ ਸਭਾ ਮੇ ਭੇਜੇ।

੧) ਹਰਜਾ ਮੰਜੀ ਸਾਹਿਬਾਂ ੬ ਖਰੀਦੀਆਂ ਅਰ ਫੇਰ

੫) ਪਾਲਕੀਆਂ ੫

ਆਮਦਨੀ

ਕੌਂਸਲ ਖਾਲਸਾ ਕਾਲਜ ਸ੍ਰੀ ਅਮ੍ਰਤ
ਸਰ ਜੀ ।
੧੦) ਸਰਦਾਰ ਸੇਵਾਸਿੰਘ ਜੀ ਡਿਪਟੀ
ਅਰ ਇਨਾਂ ਦੇ ਪੁਤਰ ਸਰਦਾਰ ਤ੍ਰਿਲੋ
ਤਨਸਿੰਘ ਜੀ ਐਮ ਏ ।
੫) ਸਰਦਾਰ ਸਾਧੂ ਸਿੰਘਜੀ ਡਿਪਟੀ
ਕਨਸਰ ਵੇਟਰ।
੫) ਸਰਦਾਰ ਸੁੰਦਰਸਿੰਘ ਜੀ ਮਜੀਠੀ
ਏ ਪ੍ਰੇਜੀਡੰਟ ਸਿੰਘਸਭਾ ਅਮ੍ਰਤਸਰਜੀ
੨॥) ਬੇਦਹ ਸਰਦੂਲਸਿੰਘ ਰਾਜਾਨੀ ।
੨) ਖਾਲਸਾ ਸਤਸੰਗਤ ਸਭਾ ਸ੍ਰੀ
ਅਮ੍ਰਤਸਰ ਜੀ।
੧।) ਭਾਈ ਈਸ੍ਵਰਸਿੰਘ ਜੀ ਮਹੰਤਮਲ
ਵਈ ਬੁੰਗਾ।
੧।) ਭਾਈ ਮਖਣਸਿੰਘਜੀ ਹਲਵਾਈ
੧।) ਭਾਈ ਕਿਸ਼ਨਸਿੰਘ ਹਾਮਸਿੰਘਜੀ
ਚਾਵਲਾਂਵਾਲੇ ।
੧) ਭਾਈ ਠਾਕਰਸਿੰਘ ਜੀ ਮੁਨਸੀ ਮ
ਹਿਕਮਾ ਪੈਦਾਇਸ ।
੧) ਭਾਈ ਸਾਮਸਿੰਘਜੀ ਸੰਤ ਵ ਰਾਗੀ
੧) ਭਾਈ ਆਯਾਸਿੰਘ ਜੀ ਰੀਢ ।
੧) ਵੀਰਭਾਨ ਭਗਤ ਚਾਵਲਾਂਵਾਲੇ ।
੧) ਮਹੰਤ ਧਰਮਦਾਸ ਜੀ ਕਛੀਦੇਸ ਸ
ਹਰ ਰੀਦਾਵਾਦ ਦੇ ।
੧।) ਸੋਹਣਸਿੰਘ ਜੀ ਪ੍ਰੇਜੀਡੰਦ ਸੰਗਤ
ਅਨੰਨਸਿਖੀ।
੨॥) ਭਾਈ ਹਰਨਾਮਸਿੰਘ ਜੀ ਸੌਦਾਗ
ਰ ਚਬ !
੧।) ਰੀਡਾਸਿੰਘ ਜੀ ਜਰਗਰ ਸੁਲਤਾ
ਨ ਪਿੰਡੀਏ ।

ਖਰਚ

ਦੀ ਸਵਾਰੀ
੨) ਤਾਰ ਭੇਜੀ ਮਰਬਰਾਹ
ਸਾਹਿਬ ਨੂ ਤਰਨਤਾਰਨ ਜੀ
ਵਾਪਸੀ ।
੧।) ਪ੍ਰਸਾਦ ਅਰੰਭ ਸਮੈ
੧) ਅਰਦਾਸ ਤਖਤ ਸਾਹਿਬ
ਜੀ ॥
੧) ਰਾਗੀਵੱਡੋਂ।
੨।) ਪਰਚੂਨ ਹੜਤਾਲਸਿਪੀ
ਆਂਫੁਲਧੂਪ ਨਰਸਿੰਗੇ ਵਾਲਾ
ਤਖਤ ਸਾਹਿਬਜੀਦਾ ਸਨਾਨ
ਟਿਕੜੀਆਂ ਆਦਿ ।
੨) ਵਾਜਾ ਅੰਗ੍ਰੇਜੀ ।
੩।) ਤਸਵੀਰ ਉਤਰਵਾਉਣ
ਵੇਲੇ ਕੜਾਹ ਪ੍ਰਸਾਦਆਰਦਾ
ਸਅਰ ਫਰਾਸ।
੬੮।) ਖਰਚਸੇਵਾਸਧਕਾਨਸਾ
ਵਣ ਸੰਮਤ ੧੯੫੨
੩੪।)॥ ਖਰਚ ਭਾਦਰੋਂ ।
੩੧।≡)॥ ਖਰਚ ਅਸੂ ਮਹੀਨੇ
ਵਿਚ ॥
੨੪-)। ਖਰਚ ਮਹੀਨੇਕਤਕ
੨੬॥।) ਖਰਚਮਹੀਨਾਮਘਰ
ਸੇ ।
੨੫।≡)ਖਰਚਮਹੀਨੇਪੋਹਵਿਚ
੨੬॥) ਖਰਚ ਮਹੀਨਾ ਮਾਘ
੧੯) ਗਯਾਨੀ ਸਾਹਿਬਾ ਦੀ
ਭੇਟ ਰੋਕ ॥
੪-) ਦੁਪਟੇ ੬ਕੜਾਹ ਪ੍ਰਸਾਦ
ਕੇਸਰਮੋਤੀਏ ਦੀਆਂ ਮਾਲਾ

ਆਮਦਨੀ

੧) ਸੰਤਸਿੰਘ ਜੀ ਗ੍ਰੰਥੀ ਸਿਕਤਰ ਸਿੰਘਸਭਾ।

ਤੁੰ ਬਾਬੂ ਅਤਰ ਸਿੰਘ ਜੀ ਵਕੀਲ ਵ ਸਿਕਤਰ ਖਾਲਸਾ ਦੀਵਾਨ ।

੧) ਸੁੰਦਰਸਿੰਘ ਜੀ ਮਨਚਿੰਦੇ ਖਜਾਨਚੀ ਸਿੰਘਸਭਾ।

੩।।) ਮੰਨਾਸਿੰਘ ਜੀ ਸੰਤੋਖਸਿੰਘ ਜੀ ਹਕੀਮ

੧) ਬਾਬੂ ਨਰੈਣਸਿੰਘ ਜੀ ਮਾਸਟਰ

੨) ਖਾਲਸਾ ਭਜਨ ਮੰਡਲੀ

[illegible]) ਸੇਵਾ ਸਿੰਘ ਜੀ ਸਿ. ਖ. ਆ.

[illegible]) ਮੂਲਸਿੰਘ ਠਾਕਰਸਿੰਘ ਚਾ

[illegible]) ਧਰਮਸਿੰਘ ਜੀ ਸਿ - ਸੇ · ਲੂ

[illegible]) ਸ਼ੇਰਸਿੰਘ ਜੀ ਨਿਸ਼ਾਨਚੀ

[illegible]) ਠਾਕਰਸਿੰਘ ਜੀ ਜੜੀਏ

[illegible]) ਮਹੰਤ ਅਮੀਰਸਿੰਘ ਜੀ

[illegible]) ਮਤਾਬਸਿੰਘ ਜੀ ਪ੍ਰੇਮੀ

[illegible])॥ ਕਰਮਸਿੰਘ ਜੀ ਸੇਧਕ

[illegible]) ਜੈ ਦਯਾਲਸਿੰਘ ਜੀ ॥

[illegible]) ਜੁਆਲਾਸਿੰਘ ਜੀ ਆ.

ਜੋੜ ੩੦੫।-)॥

ਖਰਚ

ਰੰਗ ਦੁਪਟਿਆਂਨੂੰ

੪੩-)॥ ਭੋਗਦੇ ਉਤਸਵਮੇ ਖਰਚਹੋਏ
੬ ਫਗਣਜਿਸਦਾਵੇਰਵਾਏਹਹੈ

੧) ਅਰਦਾਸ ਤਖਤ ਸਾਹਬ

੧) ਕੜਾਹਪ੍ਰਸਾਦ।

੫।) ਪਾਲਕੀਆਂ।

।।।) ਅੰਗ੍ਰੇਜੀਵਾਜਾ।

੧) ਰਾਗੀ।

੨) ਅਰਦਾਸ ਭੋਗ ਵੇਲੇ।

੧) ਕੜਾਹਪ੍ਰਸਾਦਦੀਕਰਾਈ

।।=) ਸਾਫੇਕੜਾਹਪ੍ਰਸਾਦਪਰ।

-)॥ ਦੁਧ।

।।) ਪਰੇਮਸਿੰਘ ਚਪਰਾਸੀ।

੮।-) ਰੁਮਾਲ ਹਥੀ ਸੋਹਣ ਸਿੰਘ ਜੀ।

੧੮।।।) ਰਸਦਕੜਾਹਪ੍ਰਸਾਦ

੨।) ਕੇਸਰ ਅਰ ਘਿਓ ਅਖੰਡਪਾਠਦੀ ਜੋਤ।

।।) ਤਰਨ ਤਾਰਨ ਜੀਦੇ ਗਰੰਥੀ ਨੂ ਅਸਵਾਰੇ ਸਾਹਿਬ ਦੀ ਭੇਟ।

-) ਲੇਵੀ ਇਸ਼ਤਿਹਾਰਾਂ ਲਉਣ ਨੂ।

੨੦।-) ਹੋਰ ਖਰਚ

)॥ ਸਧਾਹੀ ਖਰਚ ਸੋਧਾਈ ਮੇਂ ੧੦ ਸਾਵਣ

।੩) ਹੜਤਾਲ ਸਧਾਹੀ ੨੪ ਭਾਦਰੋਂ।

।-)। ਕਾਗਜ ਖਰਚ ਹੋਏ ਪਰਚੂਨੀ।

੧)ਕੜਾਪਰਸਾਦਗੁਰਪੁਰਬ

ਖਰਚ

ਦਸਹਰਾ ੧੪ ਅਸੂ।
੧।) ਦੀਪਮਾਲਾ ਦੇ ਦਿਨ ਮਿਠਾਈ ਵਰਤਾਈ।
੧।) ਗੁਰਪੁਰਬ ਕਤਕ ਸੁਦੀ ਪੂਰਨਮਾਸ਼ੀ
੧।) ਗੁਰਪੁਰਬ ਪੋਹ ਸੁਦੀ ਸਤਮੀਂ।
੧।) ਗੁਰਪੁਰਬੀ ਬਸੰਤ ਖੇਲਨ ਦਾ
੧੨।॥।) ਤੇਲਦੇਕਨਸਤਰ ੪॥

੩੦੧।॥। ਜੋੜ

ਧੰਨਵਾਦ

(੧) ਸਦਾ ਸਹਾਇਕ ਸੱਦਾ ਸੁਖਦਾਇਕ ਸਭ ਵਡਿਆਈਆਂ ਅਰਧੰਨਵਾਦ ਦੇ ਜੋਗ ਹੈਂ ਅਕਾਲਪੁਰਖ ਪਰਮੇਸਵਰ ਅਰ ਸ੍ਰੀ ਸਤਿਗੁਰੂ ਮਹਾਰਾਜ ਜਿਨਾਂਦੀ ਕ੍ਰਿਪਾ ਨਾਲ ਆਰੋਗਯਤਾ ਸੁਮਤ ਅਰ ਬੁਧੀ ਵਿਦਿਆ ਮਿਲੀ ਜੋ ਏਹ ਸੁਭ ਕਾਰਜ ਪੂਰਨ ਹੋਯਾ।

(੨) ਜਿਨਾਂ ਜਿਨਾਂ ਉਪਕਾਰੀ ਧਰਮਾਤਮਾਂ ਨੈ ਤਨ ਵਾ ਮਨ ਵਾ ਧਨ ਕਰਕੇ ਸਹਾਇਤਾ ਦਿਤੀ ਅਰ ਹੁਣ ਬੀ ਦੇ ਰਹੇ ਹਨ ਸੋ ਬੀ ਧੰਨਵਾਦ ਦੇ ਜੋਗ ਹਨ ਉਨਾਂ ਦੇ ਨਾਮ ਨਾਮੀ ਏਹ ਹਨ॥

(੧) ਮੈਂਬਰਾਂਨ ਖਾਲਸਾ ਦੀਵਾਨ ਸ੍ਰੀ ਅਮ੍ਰਿਤਸਰ ਜੀ ਸਮੇਤ ਸਿਕਰਟਰੀ ਬਾਬੂਅਤਰਸਿੰਘ ਜੀ ਸਾਹਿਬ ਵਕੀਲ ਦੇ।

(੨) ਮੈਂਬਰਾਨ ਸਿੰਘਸਭਾ ਸ੍ਰੀ ਅਮ੍ਰਿਤਸਰ ਜੀ ਸਮੇਤ ਸਿਕ੍ਰਟਰੀ ਭਾਈਸੰਤ ਸਿੰਘ ਸਾਹਿਬ ਰੀਬੀ ਦ ਮੀਰ ਮੁਨਸ਼ੀ ਜੀਦੇ।

(੩) ਸਰਦਾਰ ਬਹਾਦਰ ਸਰਦਾਰ ਅਰਜਨਸਿੰਘ ਸਾਹਿਬ ਸਰਬਰਾਹ ਸੇਵਾ

ਸ੍ਰੀ ਦਰਬਾਰ ਸਾਹਿਬ ਜੀ ਅਮ੍ਰਿਤਸਰ ਜੀ ਜੋ ਹਰ ਵੇਲੇ ਸਹਾਇਤਾ ਦਿੰਦੇ ਰਹੇ

(੪) ਪੁਜਾਰੀ ਸਾਹਿਬਾਨ ਤਖਤ ਅਕਾਲ ਬੁੰਗਾ ਸਾਹਿਬ ਅਰ ਨਿਜਕਰਕੇ ਭਾਈ ਗੋਪਾਲਸਿੰਘ ਜੀ ਜਿਨਾਂ ਦੀ ਕ੍ਰਿਪਾ ਨਾਲ ਅੱਠ ਮਹੀਨੇ ਸੇਵਾਦੇ ਅਰਭੋਗ ਦਾ ਉਤਸਾਹ ਸੁਖ ਅਰ ਸਾਂਤਿ ਨਾਲ ਸਮਾਪਤਿ ਹੋਯਾ।

(੫) ਸਰਦਾਰ ਸੁੰਦਰਸਿੰਘ ਸਾਹਿਬ ਰਈਸ ਮਜੀਠਾ ਪ੍ਰੈਜੀਡੈਂਟ ਸਿੰਘ ਸਭਾ ਇਹ ਭੀ ਸਮੇ ੨ ਪਰ ਸਹਾਇਤਾ ਦਿੰਦੇ ਰਹੇ।

(੬) ਭਾਈ ਈਸ੍ਵਰਸਿੰਘ ਜੀ ਸਾਹਿਬ ਮਹੰਤ ਮਲਵਈ ਬੁੰਗਾ ਜੋ ੧੦ ਮ ਹੀਨੇ ਤਕ ਸੋਧਕ ਸਭਾਮੈ ਹਰ ਸੰਗ੍ਰਾਂਦ ੧) ਦਾ ਕੜਾਹ ਪ੍ਰਸਾਦ ਭੇਜਦੇ ਰਹੇਅਰ ਇਨਾਂ ਦੇ ਪ੍ਰੇਮ ਨਾਲ ਚਾਰ ਮਹੀਨੇ ਮਲਵਈ ਬੁੰਗੇ ਵਿਖੇ ਬੈਠਕੇ ਗਯਾਨੀ ਸਾ ਹਿਬ ਸੰਮਤੀ ਦਿੰਦੇ ਰਹੇ ਅਰ ਇਥੇ ਫਰਸ਼ ਆਦਿਕ ਸਾਰੀ ਟਹਿਲ ਇਨਾਂ ਦੀ ਵੱਲੋਂ ਹੀ ਹੁੰਦੀ ਰਹੀ।

(੭) ਭਾਈ ਆਗਯਾਸਿੰਘ ਜੀ ਹਕੀਮ ਦੇ ਸਪੁਤਰ ਮੰਨਾਸਿੰਘਜੀ ਜਿਨਾਂਨੇ ੨੨੫) ਰਕਮ ਧਰਮਕਾਰਜ ਮੈਂ ਲਗਾਈ ਅਰ ਅਗੇ ਹੋਰ ਖਰਚ ਲਾਉਣ ਨੂ ਤਿਆਰ ਹਨ।ਅਰ ਇਸ ਰਪੋਟ ਛਾਪਣ ਦਾ ਖਰਚਭੀ ਦਿਤਾ।

(੮) ਸਮੂਹ ਸੰਗਤ ਸਤਿਗੁਰੂ ਕੀ ਖਾਲਸਾ ਜੀ ਗੁਣੀ ਗਯਾਨੀ ਜੋ ਹੁਣ ਆਪੋ ਆਪਣੀ ਸੰਮਤੀ ਦੇਕੇ ਇਸ ਕਾਰਜ ਨੂ ਪੂਰਾ ਕਰਵਾਉਣ।

(੯)–ਮੇਂਬਰਾਨ ਖਾਲਸਾ ਸਤਸੰਗਤ ਸਭਾ ਜੋ ਕਈ ਸਾਹਿਬ ਪ੍ਰੇਮ ਨਾਲ ਸੋਧਕ ਰਹੇ ਅਰ ਅਰੰਭ ਅਰ ਭੋਗ ਦੇ ਸਮੇ ਦੇ ਉਤਸਾਹ ਇਸੇ ਸਭਾ ਦੀਆਂ ਭਜਨ ਮੰਡਲੀਆਂ ਨੇ ਸੋਭਨੀਕ ਕੀਤੇ॥

ਲੇਖਕ ਬੰਦਾ ਸਰਦੂਲਸਿੰਘ ਗਯਾਨੀ

ਪ੍ਰਗਟ ਹੋਵੇ ਜੋ ੧ ਹਾੜ ਸੰਮਤ ੧੯੫੨ ਸੇ ਸਾਵਣ ਸੰਮਤ ੧੯੫੩ ਤਕ ਦਸਮ ਪਾਤਸ਼ਾਹੀ ਗ੍ਰੰਥ ਸਾਹਿਬ ਜੀ ਦੀ ਸੋਧਾਈ ਤਖਤ ਸ੍ਰੀ ਅਕਾਲ ਬੁੰਗਾ ਸਾਹਿਬ ਅਤੇ ਮਲਵਈ ਬੁੰਗਾ ... ਦ ਸਥਾਨਾ ਮੈ ਹੋਈ, ਅਰ ਫੇਰ ੩੧ ਭਾਦ੍ਰੋਂ ਸੰਮਤ ੧੯੫੪ ਤਕ ਰਪੋਟ ਛਪਦੇ ਤਕ ... ਹੋਈ, ਇਸ ਦੇ ਪਰੂਫਸੀਟ ਸੋਧਣੇ ਮੇਂ ਭੀ ਅਤਿ ਪਰਿਸ੍ਰਮ ਹੋਯਾ, ਪਹਿਲੇ੩੦੧)॥। ਥੋਂ ਵਖਰੀ ਰਕਮ ੩੦੦) ਇਸ ਦੇ ਛਪਣੇ ਮੇਂ ਹੋਰ ਭਾਈ ਮੰਨਾ ਸਿੰਘ ਸਾਹਿਬ ਹਕੀਮ ਸਿਕਤਰ ਗੁਰਮਤ ਗ੍ਰੰਥ ਪ੍ਰਚਾਰਕ ਸਭਾ ਨੇ ਖਰਚ ਕੀਤੀ ਹੈ

ਹੁਣ ਇਹ ਰਪੋਟ ਗੁਰਮਤ ਦੇ ਗਿਆਨੀ ਵਾ ਪੰਥ ਦੇ ਮੁਖੀ ਰਾਜੇ ਮਹਾਰਾਜੇ ਸਰਦਾਰ ਸਾਹੂਕਾਰ ਬੁੱਧਿਮਾਨ ਵਿਦ੍ਵਾਨ ਇਤਯਾਦ ਪਦਵੀਆਂ ਵਿਚੋਂ ਉਚਿਤ ਸਮਝ ਕੇ ਆਪ ਦੀ ਸੇਵਾ ਵਿਚ ਭੇਜੀ ਹੈ, ਆਪ ਗੁਰੂ ਕੀ ਸੇਵਾ ਅਰ ਆਉਣ ਵਾਲੀ ਸਿੱਖਾਂ ਦੀ ਸੰਤਾਨ ਪੁਰ ਉਪਕਾਰ ਕਰਨਾ ਬਿਚਾਰ ਕੇ ਆਪਣੀ ਵਿਦਯਾ ਨਵਲ ਤਾਂ ... ਹਰ ਇਸ ਨੂੰ ਧਯਾਨ ਨਾਲ ਪੜ ਕੇ ਇਸਦੇ ਹਰੇਕ ਪਤ੍ਰੇ ਦੇ ਪਿਛਲੇ ਕਾਲਮ ਵਿਚ ਅਪਣੀ ਸੰਮਤੀ ਹਰੇਕ ਸਤਰ ਅਗੇ ਲਗਾਕੇ ੧ ਪੋਹ ਸੰਮਤ ੧੯੫੪ ਤਕ ਭਾਈ ਮੰਨਾ ਸਿੰਘ ਜੀ ਹਕੀਮ ਸਿਕਤਰ ਗੁਰਮਤ ਗ੍ਰੰਥ ਪ੍ਰਚਾਰਕ ਸਭਾ ਸ੍ਰੀ ਅਮ੍ਰਿਤਸਰ ਪਾਸ ਘੰਟਾਘਰ ਦੇ ਨਾਮ ਭੇਜ ਦਿਓ —ਆਈਆਂ ਹੋਇਆਂ ਰਾਵਾਂ ਪਰ ਬੀਚਾਰ ਹੋਕੇ ਫੇਰ ਇਕ ਆਸਵਾਰਾ ਸਾਹਿਬ ਸੁਧ ਕਰਕੇ ਤਖਤ ਸ੍ਰੀ ਅਕਾਲ ਬੁੰਗਾ ਸਾਹਿਬ ਜੀ ਪਰ ਬਿਰਾਜਮਾਨ ਕੀਤਾ ਜਾਵੇਗਾ ਅਰ ੧ ਸਿਕਤਰ ਪਾਸ ਰਹੇਗਾ ਜਿਸ ਥੋਂ ਪ੍ਰੇਮੀ ਪੁਰਸ਼ ਸੁਧ ਪਾਠ ਕਰਨ ਗੇ ਅਰ ਦੇਖ ਲੈਣ ਗੇ ਅਰ ਹੋਰ ਆਸਵਾਰੇ ਸਾਹਿਬ ਸੋਧ ਸਕਣ ਗੇ ਅਰ ਸਤਿਗੁਰੂ ਦੀ ਸੁੱਧ ਬਾਣੀ ਦਾ ਪ੍ਰਚਾਰ ਹੋਵੇਗਾ

ਲੇਖਕ

ਸਰਦੂਲ ਸਿੰਘ ਗਿਆਨੀ

ਫੈਰਿਸਤ ਗੁਰਮਤ ਗ੍ਰੰਥ ਪ੍ਰਚਾਰਕ ਸਭਾ ਸ੍ਰੀ

ਅੰਮ੍ਰਿਤਸਰ ਜੀ ਦੇ ਪੁਸਤਕਾਂ ਦੀ

(੧) ਗੁਰੂ ਪ੍ਰੀਖ੍ਯਾ)॥

(੨) ਖਾਲਸਾ ਮਨ ਮੋਦਕ)॥

(੩) ਗੁਰਮਤ ਸਿਧਾਂਤ ਵ ਪੰਚਾਂਗ ਵ ਪ੍ਰਸਨਾਵਲੀ ਦੇ ਉਤਰ)॥

(੪) ਥਿਤੰਵਾਰ ਬਾਰੰਮਾਹ)।

(੫) ਗੁਰ ਸਿੱਖਾਂ ਦੇ ਨਿਤ੍ਯਕਰਮ)।

(੬) ਗੁਰਪੁਰਬ ਪ੍ਰਕਾਸ਼ ≡)

(੭) ਸਰਧਾ ਪੂਰਨ ਸੁੱਧ ਬਾਣੀ ਸਮੇਤ ॥)

(੮) ਗੁਰ ਬਿਲਾਸ ਦਸਮ ਪਾਤਸਾਹ ਦਾ ਕ੍ਰਿਤ ਭਾਈ ਸੁਖਾ ਸਿੰਘ ੧॥)

(੯) ਯਾਤ੍ਰਾ ਹਜੂਰ ਅਬਚਲਨਗਰ ਸਾਹਿਬ ਜੀ ਦੀ)॥।

(੧੦) ਗੁਰ ਪਰਨਾਲੀ ਵਿਦ੍ਯਾਰਥੀਆਂ ਦੇ ਕੰਠ ਕਰਨਵਾਲੀ)।

(੧੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਵਿਧੀ)

(੧੨) ਸੱਦ ਸਿਧਾਂਤ =)

(੧੩) ਰਪੋਟ ਦਸਮ ਗ੍ਰੰਥ ਸਾਹਿਬ ਜੀ ਦੀ ਸੋਧਾਈ ਦੀ ॥)

(੧੪) ਗੁਰੂ ਮਹਿਮਾਪ੍ਰਕਾਸ ਅਤਿ ਸੁੰਦਰ ਕਵਿਤਾ ।-)

ਨੋਟ—ਇਹ ਸਭ ਪੁਸਤਕ ਸਿਕਤ੍ਰ ਸਭਾ ਪਾਸੋਂ ਨਕਦ ਕੀਮਤ ਯਾ ਵੈਲਯੂਪੇਬਲ ਦ੍ਵਾਰਾ ਮਿਲ ਸਕਦੇ ਹਨ

ਨੋਟ—ਡਾਕ ਮਾਹਸੂਲ ਜ਼ਿੰਮੇ ਖਰੀਦਾਰ ਜਵਾਬ ਵਾਸਤੇ ਵਾਪਸੀ ਕਾਰਡ ਭੇਜੋ

ਪਤਾ—ਅੰਮ੍ਰਿਤਸਰ ਘੰਟੇਘਰ ਪਾਸ ਮੰਨਾਸਿੰਘ ਹਕੀਮ ਸਿ: ਸਭਾ